Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20* Issue 225 | Tuesday, November 16, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਹੜ੍ਹ ਆਉਣ ਤੇ ਢਿੱਗਾਂ ਡਿੱਗਣ ਕਾਰਨ ਬੀ ਸੀ ਵਿਚ ਸਥਿਤੀ ਨਾਸਾਜ਼

ਮਾਰਖਮ, 15 ਨਵੰਬਰ (ਪੋਸਟ ਬਿਊਰੋ) : ਭਾਰੀ ਮੀਂਹ ਪੈਣ ਕਾਰਨ ਦੱਖਣੀ ਬ੍ਰਿਟਿਸ਼ ਕੋਲੰਬੀਆ ਵਿੱਚ ਹੜ੍ਹ ਆ ਗਏ ਤੇ ਕਈ ਥਾਂਵਾਂ ਉੱਤੇ ਜ਼ਮੀਨ ਖਿਸਕਣ ਨਾਲ ਭਾਰੀ ਨੁਕਸਾਨ ਹੋਇਆ। ਕਈ ਥਾਂਵਾਂ ਉੱਤੇ ਫਸੇ ਹੋਏ ਲੋਕਾਂ ਨੂੰ ਹੈਲੀਕਾਪਟਰਜ਼ ਰਾਹੀਂ ਬਾਹਰ ਕੱਢਿਆ ਗਿਆ।

ਐਨਵਾਇਰਮੈਂਟ ਤੇ ਕਲਾਈਮੇਟ ਚੇਂਜ ਕੈਨੇਡਾ ਦਾ ਕਹਿਣਾ ਹੈ ਕਿ ਪਿਛਲੇ ਤਿੰਨ ਦਿਨਾਂ ਤੋਂ ਪ੍ਰੋਵਿੰਸ ਨੂੰ ਵਾਤਾਵਰਣ ਵਿੱਚ ਹੋਈ ਵੱਡੀ ਤਬਦੀਲੀ ਨਾਲ ਸਿੱਝਣਾ ਪੈ ਰਿਹਾ ਹੈ। ਲਗਾਤਾਰ ਪੈ ਰਹੇ ਮੀਂਹ ਕਾਰਨ ਸਥਿਤੀ ਬਦ ਤੋਂ ਬਦਤਰ ਹੋ ਚੁੱਕੀ ਹੈ। ਸ਼ਨਿੱਚਰਵਾਰ ਤੋਂ ਲੈ ਕੇ ਸੋਮਵਾਰ ਸਵੇਰੇ 11:00 ਵਜੇ ਤੱਕ ਕੋਕਿਹਾਲਾ ਸਮਿਟ ਰੀਜਨ ਵਿੱਚ 229 ਮਿਲੀਮੀਟਰ ਤੱਕ ਮੀਂਹ ਪੈ ਚੁੱਕਿਆ ਹੈ, ਜਿਸ ਕਾਰਨ ਸਾਰੇ ਪਾਸੇ ਜਲ-ਥਲ ਇੱਕ ਹੋਇਆ ਪਿਆ ਹੈ। ਮੈਰਿਟ, ਬੀਸੀ ਵਿੱਚ ਚਾਰੇ ਪਾਸੇ ਪਾਣੀ ਭਰ ਜਾਣ ਕਾਰਨ ਸਥਾਨਕ ਵਾਸੀਆਂ ਨੂੰ ਬਾਹਰ ਕੱਢਣਾ ਪਿਆ। ਇੱਕ ਅੰਦਾਜ਼ੇ ਮੁਤਾ-ਬਕ 7100 ਵਾਸੀਆਂ ਨੂੰ ਪ੍ਰੋਵਿੰਸ ਵਿੱਚ ਹੋਰਨਾਂ ਥਾਂਵਾਂ ਉੱਤੇ ਪਨਾਹ ਲੈਣ ਲਈ ਮਜਬੂਰ ਹੋਣਾ ਪਿਆ। ਜਿਨ੍ਹਾਂ ਕੋਲ ਕਿਤੇ ਹੋਰ ਰਹਿਣ ਲਈ ਥਾਂ ਨਹੀਂ ਉਨ੍ਹਾਂ ਨੂੰ ਕੈਮਲੂਪਸ ਤੇ ਕੈਲੋਨਾ ਦੇ ਐਮਰਜੰਸੀ ਸਰਵਿਸਿਜ਼ ਸੈਂਟਰਜ਼ ਵਿੱਚ ਪਨਾਹ ਲੈਣ ਦੀ ਸਲਾਹ ਦਿੱਤੀ ਗਈ ਹੈ। ਐਬਸਫੋਰਡ ਤੇ ਥਾਂਪਸਨ ਨਿਕੋਲਾ ਰੀਜਨਲ ਡਿਸਟ੍ਰਿਕਟ ਵਿੱਚ ਵੀ ਕਈ ਥਾਂਵਾਂ ਖਾਲੀ ਕਰਵਾਈਆਂ ਗਈਆਂ।




ਜ਼ਮੀਨ ਖਿਸਕਣ ਤੇ ਢਿੱਗਾਂ ਡਿੱਗਣ ਕਾਰਨ ਕਈ ਵੱਡੇ ਹਾਈਵੇਅਜ਼ ਬੰਦ ਹੋ ਗਏ ਤੇ ਕਈ ਲੋਕ ਫਸ ਗਏ। ਢਿੱਗਾਂ ਡਿੱਗਣ ਕਾਰਨ ਅਗਾਸੀਜ਼ ਨੇੜੇ ਹਾਈਵੇਅ 7 ਉੱਤੇ 80 ਤੋਂ 100 ਗੱਡੀਆਂ ਫਸ ਗਈਆਂ। ਰੈਸਕਿਊ ਅਮਲੇ ਸਮੇਤ ਕੈਨੇਡੀਅਨ ਆਰਮਡ ਫੋਰਸਿਜ਼ ਵੱਲੋਂ ਲੋਕਾਂ ਦੀ ਮਦਦ ਕੀਤੀ ਜਾ ਰਹੀ ਹੈ। ਸੋਮਵਾਰ ਦੁਪਹਿਰੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਬ੍ਰਿਟਿਸ਼ ਕੋਲੰਬੀਆ ਵਿੱਚ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਲੋਕਾਂ ਨੂੰ ਮਦਦ ਮੁਹੱਈਆ ਕਰਵਾਉਣ ਲਈ ਫੈਡਰਲ ਸਰਕਾਰ ਤਿਆਰ ਹੈ।

## ਫੈਡਰਲ ਸਰਕਾਰ ਨਾਲ ਜਲਦ ਹੀ ਅਸੀਂ ਵੀ ਸਿਰੇ ਚੜ੍ਹਾਵਾਂਗੇ ਚਾਈਲਡਕੇਅਰ ਡੀਲ : ਲਿਚੇ

ਟੋਰਾਂਟੋ, 15 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਦੇ ਸਿੱਖਿਆ ਮੰਤਰੀ ਦਾ ਕਹਿਣਾ ਹੈ ਕਿ ਪ੍ਰੋਵਿੰਸ ਵੀ ਫੈਡਰਲ ਸਰਕਾਰ ਨਾਲ ਚਾਈਲਡਕੇਅਰ ਡੀਲ ਚਾਹੁੰਦੀ ਹੈ ਪਰ ਹਾਲ ਦੀ ਘੜੀ ਹੋਰ ਪੈਸਿਆਂ ਲਈ ਗੱਲਬਾਤ ਕੀਤੀ ਜਾ ਰਹੀ ਹੈ।

ਸਟੀਫਨ ਲਿਚੇ ਨੇ ਆਖਿਆ ਕਿ ਓਟਵਾ ਓਨਟਾਰੀਓ ਦੀ ਚਾਈਲਡਕੇਅਰ ਕੌਸਟ ਦਾ 2.5 ਫੀ ਸਦੀ ਯੋਗਦਾਨ ਪਾਉਂਦਾ ਹੈ ਪਰ ਉਹ ਇਸ ਤੋਂ ਕਿਤੇ ਜ਼ਿਆਦਾ ਕਰ ਸਕਦੇ ਹਨ। ਉਨ੍ਹਾਂ ਇਹ ਵੀ ਆਖਿਆ ਕਿ ਉਨ੍ਹਾਂ ਨੂੰ ਪੂਰਾ ਯਕੀਨ ਹੈ ਕਿ ਪ੍ਰੋਵਿੰਸ਼ੀਅਲ ਸਰਕਾਰ ਅਖੀਰ ਵਿੱਚ ਫੈਡਰਲ ਸਰਕਾਰ ਨਾਲ ਸਾਰੀਆਂ ਸ਼ਰਤਾਂ ਉੱਤੇ ਰਾਜ਼ੀ ਹੋ ਜਾਵੇਗੀ। ਸੋਮਵਾਰ ਨੂੰ ਕੁਈਨਜ਼ ਪਾਰਕ ਵਿੱਚ ਲਿਚੇ ਨੇ ਆਖਿਆ ਕਿ ਅਸੀਂ ਜਾਣਦੇ ਹਾਂ ਕਿ ਅਸੀਂ ਲਿਬਰਲਾਂ ਤੇ ਐਨਡੀਪੀ ਤੋਂ ਬਿਹਤਰ ਕਰ ਸਕਦੇ ਹਾਂ। ਅਸੀਂ



ਇਹ ਵੀ ਜਾਣਦੇ ਹਾਂ ਕਿ ਅਸੀਂ ਆਪਣੇ ਮਿਆਰ ਕਾਫੀ ਉੱਚੇ ਸੈੱਟ ਕੀਤੇ ਹਨ। ਸਾਨੂੰ ਇਹ ਵੀ ਪਤਾ ਹੈ ਕਿ ਫੈਡਰਲ ਸਰਕਾਰ ਆਪਣਾ ਬਣਦਾ ਹਿੱਸਾ ਅਦਾ ਨਹੀਂ ਕਰ ਰਹੀ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਅਲਬਰਟਾ ਦੇ ਪ੍ਰੀਮੀਅਜ ਜੇਸਨ ਕੇਨੀ ਵੱਲੋਂ ਅੱਜ ਚਾਈਲਡਕੇਅਰ ਡੀਲ ਦਾ ਐਲਾਨ ਕੀਤਾ ਜਾਣਾਂ ਹੈ। ਇਸ ਨਾਲ ਸਿਰਫ ਓਨਟਾਰੀਓ ਹੀ ਅਜਿਹਾ ਪ੍ਰੋਵਿੰਸ ਰਹਿ ਜਾਵੇਗਾ ਜਿਸਨੇ ਫੈਡਰਲ ਸਰਕਾਰ ਨਾਲ ਚਾਈਲਡਕੇਅਰ ਡੀਲ ਸਿਰੇ ਨਹੀਂ ਚੜ੍ਹਾਈ ਹੋਵੇਗੀ। ਲਿਚੇ ਨੇ ਆਖਿਆ ਕਿ ਉਹ ਵੀ ਜਲਦ ਹੀ ਇਹ ਚਾਈਲਡਕੇਅਰ ਡੀਲ ਕਰਨਗੇ ਪਰ ਉਹ ਚਾਹੁੰਦੇ ਹਨ ਕਿ ਇਹ ਡੀਲ ਫਲੈਕਸੀਬਲ ਤੇ ਲੰਮੇਂ ਸਮੇਂ ਤੱਕ ਚੱਲਣ ਵਾਲੀ ਹੋਵੇ।

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axael Insurance Brokers Ltd.
1550 South Gateway Rd. Suite 220 Mississauga, ON L4W 5G6

## ਸਕਿਨ ਪੈਚ ਰਾਹੀਂ ਦਿੱਤੀ ਜਾਣ ਵਾਲੀ ਕੋਵਿਡ-19 ਵੈਕਸੀਨ ਦੇ ਜਲਦ ਸ਼ੁਰੂ ਹੋਣਗੇ ਮਨੁੱਖੀ ਟ੍ਰਾਇਲ

ਟੋਰਾਂਟੋ, 15 ਨਵੰਬਰ (ਪੋਸਟ ਬਿਊਰੋ) : ਯੂ ਕੇ ਦੀ ਕੰਪਨੀ ਵੱਲੋਂ ਤਿਆਰ ਕੀਤੀ ਗਈ ਨਵੀਂ ਕੋਵਿਡ-19 ਵੈਕਸੀਨ ਨੂੰ ਇੱਕ ਨਿੱਕੇ ਸਕਿਨ ਪੈਚ ਰਾਹੀਂ ਮਨੁੱਖੀ ਸ਼ਰੀਰ ਵਿੱਚ ਦਾਖਲ ਕਰਵਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਸਕਿਨ ਪੈਚ ਉੱਤੇ ਮਾਈਕ੍ਰੋਨੀਡਲਜ਼ ਹੋਣਗੀਆਂ ਜਿਸ ਰਾਹੀਂ ਦਵਾਈ ਮਨੁੱਖੀ ਸ਼ਰੀਰ ਵਿੱਚ ਜਾਵੇਗੀ। ਇਸ ਸਬੰਧੀ ਮਨੁੱਖੀ ਟ੍ਰਾਇਲ ਲਈ ਮਨਜ਼ੂਰੀ ਦੇ ਦਿੱਤੀ ਗਈ ਹੈ।



ਆਕਸਫੋਰਡਸ਼ਾਇਰ ਸਥਿਤ ਕੰਪਨੀ ਐਮਰਜੈਕਸ ਨੇ ਸਾਰਸ ਕੋਵ-2 ਲਈ ਵੈਕਸੀਨ ਤਿਆਰ ਕੀਤੀ ਹੈ ਜੋ ਕਿ ਪ੍ਰਾਈਮ ਟੀ-ਸੈੱਲਜ਼ (ਵਾਈਟ ਬਲੱਡ ਸੈੱਲਜ਼, ਜਿਹੜੇ ਇਮਿਊਨ ਸਿਸਟਮ ਦਾ ਹਿੱਸਾ ਹੁੰਦੇ ਹਨ) ਲਈ ਤਿਆਰ ਕੀਤੀ ਗਈ ਹੈ। ਇਸ ਨਾਲ ਵਾਇਰਸ ਪ੍ਰਭਾਵਿਤ ਸੈੱਲਜ਼ ਨੂੰ ਤੇਜ਼ੀ ਨਾਲ ਖ਼ਤਮ ਕੀਤਾ ਜਾ ਸਕੇਗਾ।

ਇੱਕ ਰਲੀਜ਼ ਅਨੁਸਾਰ ਇਸ ਵੈਕਸੀਨ ਨਾਲ ਹਰ ਤਰ੍ਹਾਂ ਦੇ ਵੇਰੀਐਂਟਜ਼ ਤੋਂ ਇਮਿਊਨਿਟੀ ਮਿਲੇਗੀ ਤੇ ਇਸ ਤੋਂ ਬਾਅਦ ਕਿਸੇ ਵੀ ਤਰ੍ਹਾਂ ਦੀ ਬੂਸਟਰ ਵੈਕਸੀਨ ਦੀ ਲੋੜ ਨਹੀਂ ਪਵੇਗੀ। ਇਸ ਰਲੀਜ਼ ਵਿੱਚ ਇਹ ਵੀ ਆਖਿਆ ਗਿਆ ਕਿ ਐਮਰਜੈਕਸ ਵੈਕਸੀਨ ਦੀ ਪਹਿਲੀ ਡੋਜ਼ ਜਨਵਰੀ 2022 ਦੀ ਸ਼ੁਰੂਆਤ ਵਿੱਚ ਦਿੱਤੀ ਜਾਵੇਗੀ।

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

## ਯੂ ਕੇ ਵਿਚ ਹਸਪਤਾਲ ਦੇ ਬਾਹਰ ਕਾਰ ਵਿਚ ਹੋਇਆ ਧਮਾਕਾ ਅੱਤਵਾਦੀ ਕਾਰਵਾਈ : ਪੁਲਿਸ


ਲੰਡਨ, 15 ਨਵੰਬਰ (ਪੋਸਟ ਬਿਊਰੋ) : ਇੰਗਲੈਂਡ ਵਿੱਚ ਹਸਪਤਾਲ ਦੇ ਬਾਹਰ ਇੱਕ ਟੈਕਸੀ ਵਿੱਚ ਹੋਏ ਧਮਾਕੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ। ਇਹ ਧਮਾਕਾ ਅਤਿ-ਆਧੁਨਿਕ ਡਿਵਾਈਸ ਰਾਹੀਂ ਕੀਤਾ ਗਿਆ। ਪੁਲਿਸ ਵੱਲੋਂ ਇਸ ਨੂੰ ਅੱਤਵਾਦੀ ਹਮਲਾ ਕਰਾਰ ਦਿੱਤਾ ਗਿਆ ਹੈ ਪਰ ਇਸ ਪਿੱਛੇ ਕਾਰਨ ਕੀ ਸੀ ਉਹ ਸਪਸ਼ਟ ਨਹੀਂ ਕੀਤਾ ਗਿਆ। ਨੌਰਥਵੈਸਟ ਇੰਗਲੈਂਡ ਵਿੱਚ ਕਾਊਂਟਰਟੈਰੋਰਿਜ਼ਮ ਪੁਲਿਸਿੰਗ ਦੇ ਹੈੱਡ ਰੌਸ ਜੈਕਸਨ ਨੇ ਆਖਿਆ ਕਿ ਐਤਵਾਰ ਨੂੰ ਲਿਵਰਪੂਲ ਦੇ ਵੂਮਨਜ਼ ਹਾਸਪਿਟਲ ਵਿੱਚ ਹੋਇਆਂ ਇਹ ਧਮਾਕਾ ਅਤਿ-ਆਧੁਨਿਕ ਯੰਤਰ ਰਾਹੀਂ ਕੀਤਾ ਗਿਆ ਤੇ ਇਹ ਯੰਤਰ ਇੱਕ ਗੱਡੀ ਵਿੱਚ ਕਿਸੇ ਪੈਸੰਜਰ ਵੱਲੋਂ ਲਿਆਂਦਾ ਗਿਆ। ...ਬਾਕੀ ਪੰਨਾ 5 'ਤੇ



## ਕੋਵਿਡ-19 ਆਊਟਬ੍ਰੇਕ ਕਾਰਨ ਇੱਕ ਹੋਰ ਐਲੀਮੈਂਟਰੀ ਸਕੂਲ ਕੀਤਾ ਗਿਆ ਬੰਦ

ਟੋਰਾਂਟੋ, 15 ਨਵੰਬਰ (ਪੋਸਟ ਬਿਊਰੋ) : ਇਟੋਬੀਕੋ ਦੇ ਐਲੀਮੈਂਟਰੀ ਸਕੂਲ ਵਿੱਚ ਕੋਵਿਡ-19 ਆਊਟਬ੍ਰੇਕ ਕਾਰਨ ਇਨ ਪਰਸਨ ਲਰਨਿੰਗ ਤੇ ਗਤੀਵਿਧੀਆਂ ਲਈ ਅੱਜ ਤੋਂ ਸਕੂਲ ਬੰਦ ਕਰ ਦਿੱਤਾ ਗਿਆ ਹੈ।

ਨੇਟੀਵਿਟੀ ਆਫ ਆਰ ਲੌਰਡ ਕੈਥੋਲਿਕ ਸਕੂਲ ਰੈਥਬਰਨ ਰੋਡ ਉੱਤੇ 35 ਸੈਫਰਨ ਕ੍ਰੀਸੈਂਟ ਤੇ ਰੈਨਫੋਰਥ ਡਰੇਲ ਏਰੀਆ ਵਿੱਚ ਸਥਿਤ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਸ ਸਕੂਲ ਵਿੱਚ 18 ਨਵੇਂ ਕੇਸ ਆ ਜਾਣ ਕਾਰਨ ਇਸ ਨੂੰ ਬੰਦ ਕਰ ਦਿੱਤਾ ਗਿਆ ਹੈ। ...ਬਾਕੀ ਪੰਨਾ 5 'ਤੇ




INSURANCE
Home Auto
Business Trucking
Life Insurance Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

Locations: Woodbridge, Mississauga, Scarborough
YES! Immigration Yes we can...
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
iccrc Raj Narang Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜੱ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor
Disability Insurance
Mortgage Insurance
Life Insurance
Visitor Insurance
Travel Insurance
RESP(Education Plan)
Critical Illness Insurance

INSURANCE MART INSURANCE COMPANY
Life Insurance
Critical Illness
Disability
Super Visa
Home and Auto Insurance
Gurdip Gill (647)767-6665
gurdipgill1@hotmail.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Dubai Jewellers
2700 Northpark Drive Unit #19, Brampton Ontario L6S 0E9
North Park & Airport Major Intersection
ਨਵੇਂ ਬਣੇ ਪਲਾਜ਼ਾ ਦੇ ਵਿਚ
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Dubai Jewellers
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax: 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਕੰਮ ਉੱਤੇ ਪਰਤਣ ਲਈ ਲਾਂਗ ਟਰਮ ਕੇਅਰ ਸਟਾਫ ਨੂੰ ਵੈਕਸੀਨੇਸ਼ਨ ਦਾ ਦੇਣਾ ਹੋਵੇਗਾ ਸਬੂਤ

ਓਨਟਾਰੀਓ, 15 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਦੇ ਲਾਂਗ ਟਰਮ ਕੇਅਰ ਸਟਾਫ ਨੂੰ ਅੱਜ ਕੰਮ ਉੱਤੇ ਜਾਣ ਤੋਂ ਪਹਿਲਾਂ ਕੋਵਿਡ-19 ਵੈਕਸੀਨ ਦੀ ਪਹਿਲੀ ਡੋਜ਼ ਲੱਗੀ ਹੋਣੀ ਜ਼ਰੂਰੀ ਹੈ।

ਜਿਹੜੇ ਸਟਾਫ ਮੈਂਬਰ ਵੱਲੋਂ ਆਪਣੀ ਪਹਿਲੀ ਡੋਜ਼ ਦਾ ਸਬੂਤ ਨਹੀਂ ਦਿੱਤਾ ਜਾਵੇਗਾ ਉਸ ਨੂੰ ਕੰਮ ਵਾਸਤੇ ਲਾਂਗ ਟਰਮ ਕੇਅਰ ਹੋਮ ਵਿੱਚ ਦਾਖਲ ਹੋਣ ਤੋਂ ਪਹਿਲਾਂ ਮੈਡੀਕਲ ਛੋਟ ਦਾ ਸਰਟੀਫਿਕੇਟ ਵਿਖਾਉਣਾ ਹੋਵੇਗਾ। ਵਾਇਰਸ ਖਿਲਾਫ ਵਰਕਰਜ਼ ਦੇ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾਉਣ ਦੀ ਆਖਰੀ ਤਰੀਕ ਅੱਜ ਤੱਕ ਦੀ ਸੀ ਪਰ ਲਾਂਗ ਟਰਮ ਕੇਅਰ ਮੰਤਰਾਲੇ



ਵੱਲੋਂ ਇਸ ਤਰੀਕ ਨੂੰ ਵਧਾ ਕੇ 13 ਦਸੰਬਰ ਕਰ ਦਿੱਤਾ ਗਿਆ ਸੀ। ਵੈਨੇਸਾ ਡੀ ਮੈਟੀਜ਼ ਨੇ ਆਖਿਆ ਕਿ ਇਸ ਵਾਧੇ ਦੀ ਸਿਫਾਰਿਸ਼ ਫੈਡਰਲ ਇਮਿਊਨਾਈਜ਼ੇਸ਼ਨ ਕਮੇਟੀ ਵੱਲੋਂ ਦੋ ਡੋਜ਼ਾਂ ਦਰਮਿਆਨ ਰੱਖੇ ਜਾਣ ਵਾਲੇ ਅੰਤਰਾਲ ਵਿੱਚ ਤਬਦੀਲੀ ਨੂੰ ਐਡਜਸਟ ਕਰਨ ਲਈ ਕੀਤੀ ਗਈ ਸੀ।

ਸ਼ੁੱਕਰਵਾਰ ਸਵੇਰੇ ਸਰਕਾਰੀ ਅੰਕੜਿਆਂ ਤੋਂ ਸਾਹਮਣੇ ਆਇਆ ਕਿ ਲਾਂਗ ਟਰਮ ਕੇਅਰ ਦੇ 98 ਫੀ ਸਦੀ ਵਰਕਰਜ਼ ਨੂੰ ਕੋਵਿਡ-19 ਵੈਕਸੀਨ ਦੀ ਘੱਟੋ ਘੱਟ ਇੱਕ ਡੋਜ਼ ਲੱਗ ਚੁੱਕੀ ਹੈ। ਲਾਂਗ ਟਰਮ ਕੇਅਰ ਮੰਤਰੀ ਰੌਡ ਫਿਲਿਪਸ ਨੇ ਪਿਛਲੇ ਮਹੀਨੇ ਇਹ ਐਲਾਨ ਕੀਤਾ ਸੀ ਕਿ ਕੋਵਿਡ-19 ਤੋਂ ਕਮਜ਼ੋਰ ਰੈਜ਼ੀਡੈਂਟਸ ਦੀ ਹਿਫਾਜ਼ਤ ਲਈ ਹਰ ਕਾਰਵਾਈ ਕੀਤੇ ਜਾਣ ਦੀ ਲੋੜ ਹੈ। ਉਨ੍ਹਾਂ ਆਖਿਆ ਕਿ ਵੈਕਸੀਨੇਸ਼ਨ ਕਰਵਾ ਚੁੱਕੇ ਸਟਾਫ ਅਤੇ ਵਿਜ਼ੀਟਰਜ਼ ਦੀ ਅਚਨਚੇਤੀ ਟੈਸਟਿੰਗ ਕਰਵਾ ਕੇ ਅਸੀਂ ਬ੍ਰੇਕਥਰੂ ਕੇਸਾਂ ਦਾ ਤੇਜ਼ੀ ਨਾਲ ਪਤਾ ਲਗਾ ਸਕਾਂਗੇ।

# ਸੁਪਰੀਮ ਕੋਰਟ ਨੇ ਪ੍ਰਦੂਸ਼ਣ ਵਿੱਚ ਪਰਾਲੀ ਦਾ ਹਿੱਸਾ ਮਸਾਂ 10 ਫੀਸਦੀ ਮੰਨਿਆ

## * ਜੱਜਾਂ ਨੇ ਕਿਹਾ: ਬਿਨਾਂ ਤੱਥਾਂ ਤੋਂ ਰੌਲਾ ਪਾਇਆ ਜਾ ਰਿਹੈ

ਨਵੀਂ ਦਿੱਲੀ, 15 ਨਵੰਬਰ, (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਅੱਜ ਸੋਮਵਾਰ ਨੂੰ ਕਿਹਾ ਹੈ ਕਿ ਕਿਸਾਨਾਂ ਵੱਲੋਂ ਪਰਾਲੀ ਸਾੜਨਬਾਰੇ ਬਿਨਾਂ ਕਿਸੇ ਵਿ-ਗਆਨਕ ਤੱਥਾਂ ਦੇ ਆਧਾਰ ਤੋਂ ਰੌਲਾ ਪਾਇਆ ਜਾ ਰਿਹਾ ਹੈ।ਕੋਰਟ ਨੇ ਇਸ ਗੱਲ ਉੱਤੇਵਿਚਾਰ ਕੀਤੀ ਕਿ ਦਿੱਲੀ ਕੌਮੀ ਰਾਜਧਾਨੀ ਖੇਤਰ (ਐਨਸੀਆਰ) ਦੇ ਹਵਾ ਪ੍ਰਦੂਸ਼ਣਵਿੱਚ ਪਰਾਲੀ ਸਾੜਨ ਤੋਂ ਬਣੇ ਧੂੰਏਂ ਦਾ ਹਿਸਾ ਮਸਾਂ 10 ਫ਼ੀਸਦੀ ਹੈ। ਅਦਾਲਤ ਨੇ ਕੇਂਦਰ ਸਰਕਾਰ ਨੂੰ ਪ੍ਰਦੂਸ਼ਣ ਰੋਕਣ ਲਈ ਮੰਗਲਵਾਰ ਤੱਕ ਐਮਰਜੈਂਸੀ ਮੀਟਿੰਗ ਕਰਨ ਦਾ ਨਿਰਦੇਸ਼ ਦਿੱਤਾਤੇ ਬੇਲੋੜੀਆਂ ਗਤੀਵਿਧੀਆਂ ਰੋਕਣ ਲਈ ਕਦਮ ਚੁੱਕਣ ਤੇ ਮੁਲਾਜ਼ਮਾਂ ਨੂੰ ਆਪੋ-ਆਪਣੇ ਘਰਾਂ ਤੋਂ ਕੰਮ ਕਰਨ ਦੀ ਇਜਾਜ਼ਤ ਦੇਣ ਲਈ ਕਿਹਾ।

ਚੀਫ਼ ਜਸਟਿਸ ਐਨਵੀ ਰਾਮੰਨਾ, ਜਸਟਿਸ ਡੀ ਵਾਈ ਚੰਦਰਚੂੜ ਅਤੇ ਜਸਟਿਸ ਸੂਰੀਆ ਕਾਂਤ ਦੀ ਤਿੰਨ ਮੈਂਬਰੀ ਬੈਂਚ ਨੇ ਕਿਹਾ, 'ਰਾਸ਼ਟਰੀ ਰਾਜਧਾਨੀ ਖੇਤਰ ਅਤੇ ਆਸ-ਪਾਸ ਦੇ ਖੇਤਰਾਂ ਵਿੱਚ ਏਅਰ ਕੁਆਲਿਟੀ ਮੈਨੇਜਮੈਂਟ ਕਮਿਸ਼ਨ ਐਕਟ ਨੇ ਕੁਝ ਫੈਸਲੇ ਲਏ ਹਨ, ਪਰ ਠੀਕ ਸਹੀ ਤਰ੍ਹਾਂ ਨਹੀਂ ਦੱਸਿਆ ਕਿ ਉਹ ਹਵਾ ਪ੍ਰਦੂਸ਼ਣਦੇ ਜ਼ਿਮੇਵਾਰ ਤੱਥਕਾਬੂ ਕਰਨ ਲਈ ਕੀ ਕਦਮ ਚੁੱਕਣ ਲੱਗੇ ਹਨ।'ਅਦਾਲਤ ਨੇ ਪ੍ਰਦੂਸ਼ਣਰੋਕਣ ਦੇ ਉਪਾਅ ਅਤੇ ਕਾਰਜਯੋਜਨਾ ਬਣਾਉਣ ਲਈ ਸਰਕਾਰ ਨੂੰ ਮੰਗਲਵਾਰ ਤਕ ਸਮਾਂ ਦੇ ਕੇ ਬੁੱਧਵਾਰ ਨੂੰ ਮੁੜ ਸੁਣਵਾਈ ਕਰਨ ਨੂੰ ਕਿਹਾ ਹੈ। ਕੋਰਟ ਨੇ ਕਿਹਾ ਕਿ ਸਾਰੀਆਂ ਧਿਰਾਂ ਨੂੰ ਸੁਣਨ ਤੇ ਐਫੀਡੇਵਿਟ ਦੇਖਣ ਪਿੱਛੋਂ ਸਿੱਟਾ ਕੱਢਿਆ ਹੈ ਕਿ ਹਵਾ ਪ੍ਰਦੂਸ਼ਣ ਦਾ ਮੁੱਖ ਕਾਰਨ ਉਸਾਰੀ ਕੰਮ, ਗ਼ੈਰ-ਜ਼ਰੂਰੀ ਸਨਅਤਾਂ ਦਾ ਚੱਲਣਾ, ਟਰਾਂਸਪੋਰਟ ਤੇ ਕੋਲੇ ਵਾਲੇ ਪਾਵਰ ਪਲਾਂਟ ਚੱਲਣਾ ਆਦਿ ਹਨ। ਕੋਰਟ ਨੇ ਕੇਂਦਰ ਸਰਕਾਰ ਨੂੰ ਹੁਕਮਦਿੱਤਾ ਕਿ ਉਹ ਮੰਗਲਵਾਰ ਨੂੰ ਸਬੰਧਤ ਰਾਜਾਂ ਦੀ ਹੰਗਾਮੀ ਬੈਠਕ ਕਰੇ ਅਤੇ ਉਪਰੋਕਤ ਮੁੱਦਿਆਂ ਉੱਤੇ ਵਿਚਾਰ ਕਰ ਕੇ ਇਸ ਬਾਰੇ ਜਾਰੀ ਕੀਤੇ ਜਾ ਰਹੇ ਆਦੇਸ਼ਾਂ ਦਾ ਫ਼ੈਸਲਾ ਕਰੇ। ਏਦਾਂ ਦੀ ਮੀਟਿੰਗਵਿੱਚ ਉੱਤਰ ਪ੍ਰਦੇਸ਼, ਹਰਿਆਣਾ, ਪੰਜਾਬ ਤੇ ਦਿੱਲੀ ਦੇ ਇਸ ਕੰਮ ਨਾਲ ਸਬੰਧਤ ਪ੍ਰਿੰਸੀਪਲ ਸੈਕਟਰੀ ਵੀ ਸ਼ਾਮਲ ਹੋਣਗੇ।


ਇਸ ਮੌਕੇ ਕੋਰਟ ਨੇ ਕਿਹਾ ਕਿ ਪੇਸ਼ ਹੋਏ ਐਫੀਡੇਵਿਟਸ ਦੇ ਮੁਤਾਬਕ ਹਵਾ ਪ੍ਰਦੂਸ਼ਣ ਦਾ ਮੁੱਖ ਕਾਰਨ ਪਰਾਲੀ ਨੂੰ ਸੜਨਾ ਨਹੀਂ, ਸਿਰਫ਼ ਦੋ ਮਹੀਨਿਆਂ ਅਕਤੂਬਰ ਤੇ ਨਵੰਬਰਵਿੱਚ ਹੀ ਪਰਾਲੀ ਸੜਦੀ ਹੈ, ਫਿਰ ਵੀ ਪੰਜਾਬ ਤੇ ਹਰਿਆਣਾਵਿੱਚ ਕਾਫ਼ੀ ਮਾਤਰਾਵਿੱਚ ਪਰਾਲੀ ਸੜਦੀ ਹੈ, ਇਸ ਲਈ ਹਰਿਆਣਾ ਤੇ ਪੰਜਾਬ ਦੀਆਂ ਸਰਕਾਰ ਕਿਸਾਨਾਂ ਨੂੰ ਮਨਾਉਣ ਕਿ ਉਹ ਘੱਟੋ-ਘੱਟ ਦੋ ਹਫ਼ਤੇ ਪਰਾਲੀ ਨਾ ਸਾੜਨ। ਸੁਣਵਾਈ ਦੇ ਸ਼ੁਰੂ ਵਿੱਚ ਪਟੀਸ਼ਨਰ ਆਦਿਤਿਆ ਦੂਬੇ ਵੱਲੋਂ ਸੀਨੀਅਰ ਵਕੀਲ ਵਿਕਾਸ ਸਿੰਘ ਨੇ ਪੰਜਾ-ਬਵਿੱਚ ਪਰਾਲੀ ਸਾੜਨ ਦਾ ਮੁੱਦਾ ਚੁੱਕਦੇ ਹੋਏ ਕਿਹਾ ਕਿ ਓਥੇ ਚੋਣਾਂ ਹੋਣ ਕਾਰਨ ਸਰਕਾਰ ਉਸ ਨੂੰ ਮੁੱਦਾ ਨਹੀਂ ਬਣਾ ਰਹੀ, ਇਸੇ ਲਈ ਕੋਰਟ ਨੇ ਜਸਟਿਸ ਲੋਕੁਰ ਕਮੇਟੀ ਬਣਾਈ ਸੀ। ਇਨ੍ਹਾਂ ਦਲੀਲਾਂ ਉੱਤੇ ਕੇਂਦਰ ਸਰਕਾਰ ਵਲੋਂ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਇਤਰਾਜ਼ ਕੀਤਾ ਤੇ ਕਿਹਾ ਕਿ ਇਨ੍ਹਾਂ ਦਾ ਦੂਸਰਾ ਏਜੰਡਾ ਹੈ।


REXDALE BODY SHOP
USED CAR SALE

CHEEMA
LOWEST PRICE IN TOWN
Towing Service Car Paint Starts $799* upto 100% Deductible Paid*
Specialization In:
★ All Kinds of Body Work
★ Auto Glass Windshield
★ Denting, Painting & Welding
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
SPECIAL PAINT JOB $779
RENTAL CAR PROVIDED

25 years of Canadian Experience
OPEN MON - SAT 9AM TO 7PM
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:
4 units 3 bedroom | 2 units 1 bedroom | 1 unit bachelor

For More Details Call: 416-970-5005/647-242-8667


Jas Toor
Sales Repersentative
Sutton
Sutton Group-Realty Experts
Brokerage*

Jagdish Grewal
Sales Repersentative
Century 21
President Realty Inc.
Brokerage*


## ਅੱਜ ਨਾਮਾ

ਦਿੱਲੀ ਵੱਲ ਪਰਦੂਸ਼ਣ ਦੀ ਮਾਰ ਪੈ ਗਈ,
ਫਿਕਰਾਂ ਵਿੱਚ ਹਨ ਓਧਰ ਦੇ ਲੋਕ ਮੀਆਂ।
ਕੇਂਦਰ ਵਾਲੀ ਜਾਂ ਦਿੱਲੀ ਸਰਕਾਰ ਮਿੱਤਰ,
ਸਕੀਆਂ ਨਾਹੀਂ ਪਰਦੂਸ਼ਣ ਨੂੰ ਰੋਕ ਮੀਆਂ।
ਤੁਰਿਆ ਅੱਗੇ ਪਰਦੂਸ਼ਣ ਜਦ ਤੋੜ ਹੱਦਾਂ,
ਹਰਿਆਣੇ ਵੱਲ ਵੀ ਹੋਈ ਆ ਨੋਕ ਮੀਆਂ।
ਸੁਣਿਆ ਕਹਿਰ ਪੰਜਾਬ ਦੇ ਤੀਕ ਪਹੁੰਚਾ,
ਜਾਪੇ ਪਰਦੂਸ਼ਣ ਤਾਂ ਬੁੱਕਦਾ ਬੋਕ ਮੀਆਂ।
ਹਰ ਕੋਈ ਦੂਜੇ ਦਾ ਕੱਢਦਾ ਦੋਸ਼ ਸੁਣਦਾ,
ਆਪਣਾ ਦੋਸ਼ ਨਹੀਂ ਮੰਨਦਾ ਕੋਈ ਮੀਆਂ।
ਗਲਤੀ ਸਾਰੀਆਂ ਧਿਰਾਂ ਦੀ ਹੋਈ ਮੀਆਂ,
ਦਿੱਸਦੀ ਸਾਫ, ਨਾ ਜਾਏ ਲੁਕੋਈ ਮੀਆਂ।

**ਤੀਸ ਮਾਰ ਖਾਂ**

# ਨਵਜੋਤ ਸਿੱਧੂ ਨੇ ਫਿਰ ਟਵੀਟ ਕਰ ਕੇ ਚੰਨੀ ਸਰਕਾਰ ਲਈ ਪ੍ਰੇਸ਼ਾਨੀ ਵਧਾਈ

ਚੰਡੀਗੜ੍ਹ, 15 ਨਵੰਬਰ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਅੱਜ ਸੋਮਵਾਰ ਨੂੰਇਕ ਵਾਰ ਫਿਰ ਆਪਣੀ ਹੀ ਪਾਰਟੀ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਸਰਕਾਰ ਉੱਤੇ ਨਿਸ਼ਾਨਾ ਸਾਧਿਆ ਅਤੇਇੱਕਪਿੱਛੋਂ ਦੂਸਰਾ ਲਗਾਤਾਰ ਤਿੰਨ ਟਵੀਟਸ ਵਿੱਚ ਕਿਹਾ ਕਿ ਕਿਸੇ ਵੀ ਸਕੀਮ ਜਾਂ ਰਿਆਇਤ ਦੇ ਐਲਾਨ ਤੋਂ ਪਹਿਲਾਂ ਪੰਜਾਬ ਸਰਕਾਰ ਨੂੰ ਫੰਡਾਂਦਾ ਸਰੋਤ ਦੱਸਣਾ ਚਾਹੀਦਾ ਹੈ।ਸਰਕਾਰ ਦੀ ਜਵਾਬਦੇਹੀ ਲਈ ਇਹ ਸਭ ਤੋਂ ਵੱਡੀ ਲੋੜ ਅਤੇ ਅਹਿਮ ਗੱਲ ਹੈ, ਕਿਉਂਕਿ ਕਰਜ਼ਾ ਲੈ ਕੇ ਕੋਈ ਰਿਆਇਤ ਜਾਂ ਸਕੀਮ ਨਹੀਂ ਐਲਾਨ ਕਰਨੀ ਚਾਹੀਦੀ। ਨਵਜੋਤ ਸਿੰਘ ਸਿੱਧੂਨੇ ਇਹ ਟਵੀਟ ਓਦੋਂ ਕੀਤੇ, ਜਦੋਂ ਜਲੰਧਰ ਦੇ ਆਦਮਪੁਰਵਿੱਚਮੁੱਖ ਮੰਤਰੀ ਚਰਨਜੀਤ ਸਿੰਘ ਚੰਨੀਲੋਕਾਂ ਲਈ ਵੱਡੇ ਐਲਾਨ ਕਰ ਰਹੇ ਹਨ। ਇਸ ਤੋਂ ਪਹਿਲਾਂ ਵੀ ਜਦੋਂ ਮੁੱਖ ਮੰਤਰੀ ਚੰਨੀ ਕੋਈ ਜਨਤਕਐਲਾਨ ਕਰਦੇ ਤਾਂ ਨਵਜੋਤ ਸਿੰਘ ਸਿੱਧੂ ਟਵਿਟਰ ਰਾਹੀਂ ਸਰਕਾਰ ਉੱਤੇ ਸਵਾਲ ਕਰ ਦੇਂਦੇ ਹਨ।ਅੱਜ ਦੇ ਟਵੀਟ ਵਿੱਚ ਨਵਜੋਤ ਸਿੰਘ ਸਿੱਧੂਨੇ ਕਿਹਾ ਕਿ ਪੰਜਾਬ ਭਾਰਤ ਦਾ ਸਭ ਤੋਂ ਵੱਧ ਕਰਜ਼ਾਈ ਰਾਜ ਹੈ, ਜਿਸ ਦੇ ਕੁੱਲ ਘਰੇਲੂ ਉਤਪਾਦਨ (ਜੀਡੀਪੀ) ਦਾ 50 ਫੀਸਦੀ ਕਰਜ਼ਾ ਹੈ। ਸਾਡੇ ਖਰਚ ਦਾ ਅੱਧਾ ਹਿੱਸਾ ਮਹਿੰਗੇ ਕਰਜ਼ੇ ਤੋਂ ਆਉਂਦਾ ਹੈ, ਅਸਲ ਮੁੱਦਿਆਂ ਤੋਂ ਦੂਰ ਨਾ ਹੋਵੋ, ਜਿਨ੍ਹਾਂ ਦੇ ਹੱਲ ਦੀ ਹਰ ਪੰਜਾਬੀ ਅਤੇ ਪਾਰਟੀ ਵਰਕਰ ਆਸ ਕਰਦਾ ਹੈ।’ਸਿੱਧੂਨੇ ਕਿਹਾ ਕਿ ਵਿੱਤੀ ਜਵਾਬਦੇਹੀ ਤੇ ਪਾਰ-ਦਰਸ਼ਤਾ ਪੰਜਾਬ ਮਾਡਲ ਦੇ ਥੰਮ੍ਹ ਹਨ, ਜਵਾਬਦੇਹੀ ਹਰ ਯੋਜਨਾ ਦੇ ਐਲਾਨਵਿੱਚ ਫੰਡਿੰਗ ਦੇ ਸਰੋਤਾਂ ਦੇ ਖੁਲਾਸੇ ਦੀ ਮੰਗ ਕਰਦੀ ਹੈ, ਇਹ ਆਮਦਨੀ ਤੋਂ ਹੋਵੇ ਜਾਂ ਵਾਧੂ ਕਰਜ਼ੇ ਤੋਂ।

* ਪੁੱਛਿਆ: ਐਲਾਨ ਕਰਨ ਤੋਂ ਪਹਿਲਾਂ ਦੱਸੋ ਫੰਡ ਕਿੱਥੋਂ ਆਉਣਗੇ

## ‘ਅਦਾਲਤੀ ਕਾਰਵਾਈ ਵਿੱਚ ਦਖਲ’ ਕਾਰਨ ਨਵਜੋਤ ਸਿੱਧੂ ਵਿਰੁੱਧ ਕੇਸ ਦਾਇਰ

ਚੰਡੀਗੜ੍ਹ, 15 ਨਵੰਬਰ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਕਈ ਵਾਰ ਅਜਿਹੇ ਟਵੀਟ ਕਰਦੇ ਹਨ, ਜਿਹੜੇ ਹਲਚਲ ਮਚਾ ਦਿੰਦੇ ਹਨ।ਉਹ ਨਸ਼ਾ ਸਮੱਗਲਿੰਗ ਦੇ ਮੁੱਦੇ ਉੱਤੇ ਵੀ ਟਵੀਟਸ ਕਰਦੇ ਆਏ ਹਨ ਅਤੇ ਇਸੇ ਕਾਰਨ ਉਨ੍ਹਾਂ ਲਈ ਮੁਸ਼ਕਲ ਪੈਦਾ ਹੋਣ ਵਾਲੀ ਹੈ। ਉਨ੍ਹਾਂ ਉੱਤੇ ਅਪਰਾਧਕ ਉਲੰਘਣਾ ਦਾ ਕੇਸ ਚੱਲ ਸਕਦਾ ਹੈ, ਪਰ ਇਹ ਕੇਸ ਚੱਲੇਗਾ ਜਾਂ ਨਹੀਂ, ਇਹ ਫ਼ੈਸਲਾ ਹਰਿਆਣਾ ਦੇ ਐਡਵੋਕੇਟ ਜਨਰਲ ਲੈਣਗੇ। ਐਡਵੋਕੇਟ ਪਰਮਪ੍ਰੀਤ ਸਿੰਘ ਬਾਜਵਾ ਨੇ ਅਦਾਲਤਵਿੱਚ ਨਵਜੋਤ ਸਿੰਘ ਸਿੱਧੂਵਿਰੁੱਧ ਮਾਣਹਾਨੀ ਪਟੀਸ਼ਨ ਪੇਸ਼ ਕੀਤੀ ਹੈ, ਜਿਸ ਉੱਤੇ ਛੇਤੀ ਸੁਣਵਾਈ ਹੋ ਸਕਦੀ ਹੈ।ਤਕਨੀਕੀ ਕਾਰਨਾਂ ਕਰਕੇ ਇਹ ਕੇਸ ਅਜੇ ਸੂਚੀਬੱਧ ਨਹੀਂ ਕੀਤਾ ਗਿਆ। ਏਦਾਂ ਦੀਅਪਰਾਧਕ ਮਾਣਹਾਨੀ ਪਟੀਸ਼ਨ ਲਈ ਐਡਵੋਕੇਟ ਜਨਰਲ ਦੀ ਮਨਜ਼ੂਰੀ ਦੀ ਲੋੜ ਹੁੰਦੀ ਹੈ, ਪਰ ਪੰਜਾਬ ਦਾ ਇਹ ਅਹੁਦਾ ਖਾਲੀ ਹੈ, ਕਿਉਂਕਿਐਡਵੋਕੇਟ ਜਨਰਲ ਏਪੀਐਸ ਦਿਓਲ ਨੇ ਅਸਤੀਫਾ ਦੇ ਦਿੱਤਾ ਹੈ ਤੇ ਸਰਕਾਰ ਨੇ ਉਨ੍ਹਾਂ ਦਾ ਅਸਤੀਫਾ ਮਨਜ਼ੂਰ ਕਰਨ ਪਿੱਛੋਂ ਨਵਾਂ ਵਕੀਲ ਹਾਲੇ ਨਿਯੁਕਤ ਨਹੀਂ ਕੀਤਾ। ਇਸ ਕਾਰਨ ਨਵਜੋਤ ਸਿੱਧੂ ਵਿਰੁੱਧ ਕੇਸ ਦੀ ਫਾਈਲ ਐਡਵੋਕੇਟ ਜਨਰਲ ਹਰਿਆਣਾ ਨੂੰ ਭੇਜੀ ਗਈ ਹੈਅਤੇ ਉਹੀ ਫੈਸਲਾ ਕਰਨਗੇ ਕਿ ਨਵਜੋਤ ਸਿੰਘ ਸਿੱਧੂ ਖਿਲਾਫ ਮਾਣਹਾਨੀ ਕੇਸ ਬਣਦਾ ਹੈ ਜਾਂ ਨਹੀਂ। ਇਸ ਪਿੱਛੋਂਕੇਸ ਹਾਈਕੋਰਟਵਿੱਚਆਵੇਗਾ। ਨਵਜੋਤ ਸਿੰਘ ਸਿੱਧੂਉੱਤੇ ਦੋਸ਼ ਹੈ ਕਿ ਉਸ ਨੇ ਕਈ ਵਾਰ ਟਵੀਟਸ ਕਰਕੇ ਡਰੱਗ ਤਸਕਰੀ ਕੇਸਵਿੱਚ ਸਿਸਟਮ ਉੱਤੇ ਸਵਾਲ ਚੁੱਕੇ ਸਨ।

## ਉਦਘਾਟਨ ਕਰਨ ਤੋਂ ਛੇਤੀ ਪਿੱਛੋਂ ਆਸਟ੍ਰੇਲੀਆ ਵਿੱਚ ਗਾਂਧੀ ਦੇ ਬੁੱਤ ਦੀ ਭੰਨ-ਤੋੜ

ਮੈਲਬੌਰਨ, 15 ਨਵੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਆਸਟਰੇਲੀਆ ਸਰਕਾਰ ਨੂੰ ਤੋਹਫੇ ਵਜੋਂ ਦਿੱਤੇ ਗਏ ਮਹਾਤਮਾ ਗਾਂਧੀ ਦੇ ਕਾਂਸੀ ਦੇ ਬੁੱਤ ਦੀ ਓਥੇ ਲਾਏ ਜਾਣ ਤੋਂ ਛੇਤੀ ਪਿੱਛੋਂ ਭੰਨ-ਤੋੜ ਕੀਤੀ ਗਈ ਹੈ। ਪ੍ਰਧਾਨ ਮੰਤਰੀ ਸਕੌਟ ਮੌਰੀਸਨ ਨੇ ਇਸ ਕਾਰਵਾਈ ਦੀ ਸਖ਼ਤ ਨਿਖੇਧੀ ਕਰਦਿਆਂ ਇਸ ਨੂੰ ਸ਼ਰਮਨਾਕ ਕਰਾਰ ਦਿੱਤਾਹੈ। ਅਖਬਾਰ ‘ਦਿ ਏਜ’ ਦੀ ਖ਼ਬਰ ਦੇ ਮੁਤਾਬਕ ਪ੍ਰਧਾਨ ਮੰਤਰੀ ਮੌਰੀਸਨ ਨੇ ਭਾਰਤ ਦੀ ਆਜ਼ਾਦੀਦੇ 75 ਸਾਲਾਂ ਦੀ ਯਾਦਵਿੱਚ ਇਕ ਸਮਾਗਮਕਰ ਕੇ ਭਾਰਤ ਦੇ ਕੌਂਸਲ ਜਨਰਲ ਅਤੇ ਆਸਟ੍ਰੇਲੀਆ ਦੇ ਨੇਤਾਵਾਂ ਨਾਲ ਰਾਵਿਲਵਿਲੇ ਵਿੱਚ ਆਸਟ੍ਰੇਲੀਅਨ ਇੰਡੀਅਨ ਕਮਿਊਨਿਟੀ ਸੈਂਟਰਵਿੱਚ ਮਹਾਤਮਾ ਗਾਂਧੀ ਦੇ ਬੁੱਤ ਦਾ ਉਦਘਾਟਨ ਕੀਤਾ ਸੀ ਤੇ ਇਹ ਘਟਨਾ ਉਸ ਦੇ ਕੁਝ ਘੰਟੇ ਬਾਅਦ ਹੋਈ ਹੈ।ਪ੍ਰਧਾਨ ਮੰਤਰੀ ਸਕੌਟ ਮੌਰੀਸਨ ਨੇ ਕਿਹਾ ਹੈ ਕਿ ‘ਇਸ ਤਰ੍ਹਾਂਦਾ ਨਿਰਾਦਰ ਦੇਖਣਾ ਸ਼ਰਮਨਾਕ ਅਤੇ ਬੇਹੱਦ ਨਿਰਾਸ਼ਾਜਨਕ ਹੈ।’ ਉਨ੍ਹਾਂ ਕਿਹਾ ਕਿ ਇਸ ਦੇਸ਼ਵਿੱਚ ਸੱਭਿਆਚਾਰਕ ਸਮਾਰਕਾਂ ਉੱਤੇਹਮਲਿਆਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਜੋ ਵੀ ਇਸ ਲਈ ਜ਼ਿੰਮੇਵਾਰ ਹੈ, ਉਸ ਨੇ ਆਸਟ੍ਰੇਲੀਅਨ ਭਾਰਤੀ ਭਾਈਚਾਰੇ ਦਾ ਬਹੁਤ ਅਪਮਾਨ ਕੀਤਾ ਹੈ ਅਤੇ ਉਸ ਨੂੰ ਸ਼ਰਮ ਆਉਣੀ ਚਾਹੀਦੀ ਹੈ।

ਇੱਕ ਖਬਰ ਏਜੰਸੀ ਦੇ ਮੁਤਾਬਕ ਵਿਕਟੋਰੀਆ ਪੁਲਸ ਨੇ ਕਿਹਾ ਹੈ ਕਿ ਅਣਪਛਾਤੇ ਦੋਸ਼ੀਆਂ ਨੇ ਸ਼ੁੱਕਰਵਾਰ ਸ਼ਾਮ 5:30 ਵਜੇ ਅਤੇ ਸ਼ਨੀਵਾਰ ਸ਼ਾਮ 5:30 ਵਜੇ ਦੇ ਵਿਚਾਲੇ ਬੁੱਤ ਕੱਟਣ ਲਈ ਪਾਵਰ ਟੂਲ ਦੀ ਵਰਤੋਂ ਕੀਤੀ। ਪੁਲਸ ਦੀ ਕ੍ਰਾਈਮ ਇਨਵੈਸਟੀਗੇਸ਼ਨ ਯੂਨਿਟ ਦੇ ਅਧਿਕਾਰੀ ਇਸ ਦੀ ਜਾਂਚ ਕਰ ਰਹੇ ਹਨ ਤੇ ਗਵਾਹਾਂ ਨੂੰ ਅੱਗੇ ਆ ਕੇ ਜਾਣਕਾਰੀ ਦੇਣ ਲਈ ਕਹਿ ਰਹੇ ਹਨ।ਖਬਰ ਏਜੰਸੀ ਨੇ ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨ ਆਫ ਵਿਕਟੋਰੀਆ ਦੇ ਪ੍ਰਧਾਨ ਸੂਰੀਆਪ੍ਰਕਾਸ਼ ਸੋਨੀ ਦੇ ਹਵਾਲੇ ਨਾਲ ਕਿਹਾ, ‘ਕਮਿਊਨਿਟੀ ਡੂੰਘੇ ਸਦਮੇ ਵਿੱਚ ਤੇ ਦੁਖੀ ਹੈ। ਮੈਨੂੰ ਸਮਝ ਨਹੀਂ ਆ ਰਿਹਾ ਕਿ ਕੋਈ ਅਜਿਹੀ ਘਿਨਾਉਣੀ ਹਰਕਤ ਕਿਉਂ ਕਰੇਗਾ।’ ਉਨ੍ਹਾਂ ਕਿਹਾ ਕਿ ਰੋਵਿਲ ਸੈਂਟਰ ਵਿਕਟੋਰੀਆ ਰਾਜ ਵਿੱਚ ਪਹਿਲਾ ਭਾਰਤੀ ਕਮਿਊਨਿਟੀ ਸੈਂਟਰ ਹੈ ਅਤੇ 30 ਸਾਲਾਂ ਦੀ ਕੋਸ਼ਿਸ਼ ਨਾਲ ਇਹ ਸਥਾਪਿਤ ਕੀਤਾ ਗਿਆ ਸੀ।

# ਐਮਪੀ ਸੋਨੀਆ ਸਿੱਧੂ ਵਲੋਂ ਵਿਸ਼ਵ ਸ਼ੂਗਰ ਦਿਵਸ ਤੇ ਜਾਗਰੂਕਤਾ ਲਿਆਉਣ ਲਈ ਬਰੈਂਪਟਨ ਵਿਚ ਝੰਡਾ ਲਹਿਰਾਇਆ

ਸੁਰਜੀਤ ਸਿੰਘ ਫਲੋਰਾ

ਵਿਸ਼ਵ ਡਾਇਬੀਟੀਜ਼ ਦਿਵਸ ਅਤੇ ਇਨਸੁਲਿਨ ਦੀ 100 ਵਰ੍ਹੇਗੰਢ ਨੂੰ ਮਨਾਉਣ ਲਈ ਬੀਤੇ ਐਤਵਾਰ ਨਵੰਬਰ 14 ਨੂੰ ਸੋਨੀਆ ਸਿੱਧੂ, ਬਰੈਂਪਟਨ ਸਾਊਥ ਦੇ ਐਮਪੀ, ਬਰੈਂਪਟਨ ਸਿਟੀ ਦੇ ਮੇਅਰ ਪੈਟਰਿਕ ਬ੍ਰਾਊਨ, ਕੌਂਸਲ ਮੈਂਬਰਾਂ, ਦੇ ਨਾਲ ਨਾਲ ਹੋਰ ਫੈਡਰਲ ਅਤੇ ਉਨਟੈਰਿਉ ਸੂਬੇ ਦੇ ਐਮਪੀਜ਼, ਐਮਪੀਪੀਜ਼ ਦੇ ਨਾਲ ਨਾਲ ਰਾਸ਼ਟਰੀ ਸੰਸਥਾਵਾਂ ਦੇ ਨੁਮਾਇੰਦਿਆਂ ਅਤੇ ਕਈ ਹੋਰ ਉਚ ਪੱਧਰ ਦੀਆਂ ਟੀਮਾਂ ਸਮੇਤ ਨੁਮਾਇੰਦਿਆਂ ਮਿਲਕੇ ਇਕ ਅਵਾਮ ਨੂੰ ਇਸ ਸ਼ੁਗਰ ਰੋਗ ਵਾਰੇ ਵਧੇਰੇ ਜਾਣਕਾਰੀ ਦੇਣ ਲਈ ਇਕ ਪ੍ਰੋਗਰਾਮ ਉਲੀਕਿਆਂ ਗਿਆ।

ਜਿਸ ਵਿਚ ਬਰੈਂਪਟਨ ਦੇ ਮੇਅਰ ਬ੍ਰਾਊਨ ਅਤੇ ਸੋਨੀਆ ਸਿੱਧੂ, ਬਰੈਂਪਟਨ ਸਾਊਥ ਦੇ ਐਮਪੀ ਨੇ ਬਰੈਂਪਟਨ ਸਿਟੀ ਵਿੱਚ 14 ਨਵੰਬਰ ਨੂੰ ਵਿਸ਼ਵ ਸ਼ੂਗਰ ਦਿਵਸ ਵਜੋਂ ਮਾਨਤਾ ਦੇਣ ਲਈ ਇੱਕ ਯਾਦਗਾਰੀ ਘੋਸ਼ਣਾ ਜਾਰੀ ਕੀਤੀ ਅਤੇ ਸਿਟੀ ਦੇ ਬਾਹਰ ਇਕ ਡਾਇਬੀਟੀਜ਼ ਤੋਂ ਲੋਕਾ ਨੂੰ ਸਾਵਧਾਨ ਰਹਿਣ ਦੀ ਯਾਦ ਵਿਚ ਇਕ ਝੰਡਾ ਲਹਿਰਾਇਆ। ਇਸ ਦੇ ਨਾਲ ਹੀ ਡਾਇਨਾਕੇਅਰ, ਇੱਕ ਸਥਾਨਕ ਸੰਸਥਾਂ ਵਲੋਂ ਸਮਾਗਮ ਵਿੱਚ ਸ਼ਾਮਲ ਹੋਣ ਵਾਲੇ ਬਰੈਂਪਟਨ ਵਾਸੀਆਂ ਨੂੰ ਮੁਫਤ ਸ਼ੂਗਰ ਟੈਸਟ ਦੀ ਪੇਸ਼ਕਸ਼ ਵੀ ਕੀਤੀ।

ਇਸ ਦੇ ਨਾਲ ਹੀ ਮੇਅਰ ਬ੍ਰਾਊਨ ਨੇ ਐਮਪੀ ਸੋਨੀਆ ਸਿੱਧੂ ਨੂੰ ਉਸ ਦੇ ਹਾਲ ਹੀ ਦੇ ਕਾਨੂੰਨ (ਬਿਲ ਸੀ 237ਜੋ ਕਿ ਡਾਇਬੀਟੀਜ਼ ਲਈ ਇੱਕ ਰਾਸ਼ਟਰੀ ਢਾਂਚਾ ਤਿਆਰ ਕਰੇਗਾ, ਪ੍ਰਤੀ ਸਮਰਪਣ ਅਤੇ ਜਨੂੰਨ ਲਈ ਵਧਾਈ ਦਿੰਤੀ, ਜੋ ਕੁਝ ਸਮਾਂ ਪਹਿਲਾਂ ਹੀ ਫੈਡਰਲ ਸਰਕਾਰ ਅਤੇ ਸੈਨੇਂਟਰਜ਼ ਵਲੋਂ ਪਾਸ ਕੀਤਾ ਗਿਆ ਸੀ । ਬਰਾਂਊਨ ਨੇ ਅੱਗੇ ਬੋਲਦੇ ਹੋਏ ਕਿਹਾ ਕਿ ਅੱਜ ਕਮਿਊਨਿਟੀ ਲੀਡਰਾਂ ਨਾਲ ਜੁੜ ਕੇ ਖੁਸ਼ ਹਾਂ ਕਿਉਂਕਿ ਅਸੀਂ ਵਿਸ਼ਵ ਸ਼ੂਗਰ ਦਿਵਸ ਮਨਾ ਰਹੇ ਹਾਂ ਜੋ 14 ਨਵੰਬਰ ਨੂੰ ਕੈਨੇਡੀਅਨ ਸਰ ਫਰੈਡਰਿਕ ਜੀ ਬੈਂਟਿੰਗ ਦੇ ਜਨਮ ਦਿਨ ਦੇ ਸਨਮਾਨ ਵਿੱਚ ਚੁਣਿਆ ਗਿਆ ਸੀ, ਜਿਸ ਨੇ 100 ਸਾਲ ਪਹਿਲਾਂ ਡਾ. ਚਾਰਲਸ ਬੈਸਟ ਦੇ ਨਾਲ ਮਿਲ ਕੇ ਇਨਸੁਲਿਨ ਦੀ ਖੋਜ਼ ਕੀਤੀ ਸੀ। ਮੈਂ ਪੀਲ ਪਬਲਿਕ ਹੈਲਥ, ਡਾਇਬੀਟੀਜ਼ ਕੈਨੇਡਾ, ਡਾਇਨਾਕੇਅਰ ਅਤੇ ਕਮਿਊਨਿਟੀ ਸੰਸਥਾਵਾਂ ਦੇ ਲਗਾਤਾਰ ਸਿਹਤ ਪ੍ਰੋਤਸਾਹਨ ਅਤੇ ਸਾਡੇ ਭਾਈਚਾਰੇ ਵਿੱਚ ਵਧ ਰਹੀਆਂ ਦਰਾਂ ਨੂੰ ਹੱਲ ਕਰਨ ਲਈ ਬਿਮਾਰੀਆਂ ਦੀ ਰੋਕਥਾਮ ਦੀਆਂ ਰਣਨੀਤੀਆਂ ਲਈ ਕੀਤੇ ਯਤਨਾਂ ਦੀ ਸ਼ਲਾਘਾ ਕਰਦਾ ਹਾਂ।"

ਜਦੋਂ ਕਿ ਡਾ. ਨਵੀਦ ਮੁਹੰਮਦ, ਪ੍ਰੈਜ਼ੀਡੈਂਟ ਅਤੇ ਸੀ.ਈ.ਓ, ਵਿਲੀਅਮ ਓਸਲਰ ਹੈਲਥ ਸਿਸਟਮ ਨੇ ਕਿਹਾ, “ਵਿਲੀਅਮ ਓਸਲਰ ਹੈਲਥ ਸਿਸਟਮ ਓਨਟਾਰੀਓ ਵਿੱਚ ਡਾਇਬਟੀਜ਼ ਦੇ ਸਭ ਤੋਂ ਵੱਧ ਪ੍ਰਚਲਣ ਦਾ ਅਨੁਭਵ ਕਰਨ ਵਾਲੀ ਵਿਭਿੰਨ ਅਤੇ ਤੇਜ਼ੀ ਨਾਲ ਵਧ ਰਹੀ ਆਬਾਦੀ ਨੂੰ ਦੇਖਭਾਲ ਪ੍ਰਦਾਨ ਕਰਦਾ ਹੈ। ਬਰੈਂਪਟਨ ਕਮਿਊਨਿਟੀ 'ਤੇ ਡਾਇਬੀਟੀਜ਼ ਦੇ ਪ੍ਰਭਾਵ ਨੂੰ ਘੱਟ ਨਹੀਂ ਸਮਝਿਆ ਜਾ ਸਕਦਾ ਹੈ ਅਤੇ ਅਸੀਂ ਜਾਗਰੂਕਤਾ ਅਤੇ ਰੋਕਥਾਮ ਦੇ ਸਾਧਨ ਪ੍ਰਦਾਨ ਕਰਨ ਲਈ, ਅਤੇ ਮਰੀਜ਼ਾਂ ਨੂੰ ਉਹਨਾਂ ਦੀ ਸ਼ੂਗਰ ਦੇ ਪ੍ਰਭਾਵੀ ਢੰਗ ਨਾਲ ਪ੍ਰਬੰਧਨ ਵਿੱਚ ਸਹਾਇਤਾ ਕਰਨ ਲਈ ਸਹਿਯੋਗ ਨਾਲ ਕੰਮ ਕਰ ਰਹੇ ਹਾਂ।"



ਇਸ ਤੋਂ ਇਲਾਵਾ, ਡਾਇਨਾਕ-ੇਅਰ ਦੇ ਸੀਈਓ ਵੀਟੋ ਸਿਸੀਰੇਟੋ ਨੇ ਕਿਹਾ, “ਡਾਇਨਾਕੇਅਰ ਨੂੰ ਬਰੈਂਪਟਨ ਸਿਟੀ ਹਾਲ ਵਿਖੇ ਵਿਸ਼ਵ ਡਾਇਬੀਟੀਜ਼ ਦਿਵਸ ਮਾਨਤਾ ਗਤੀਵਿਧੀਆਂ ਦਾ ਹਿੱਸਾ ਬਣਨ ਅਤੇ ਬਰੈਂਪਟਨ ਨਿਵਾਸੀਆਂ ਨੂੰ ਮੁਫ਼ਤ ਡਾਇਬਟੀਜ਼ ਸਕ੍ਰੀਨਿੰਗ ਪ੍ਰਦਾਨ ਕਰਨ ਲਈ ਸਾਡੇ ਮੋਬਾਈਲ ਕਲੀਨਿਕ ਤੱਕ ਪਹੁੰਚ ਦੀ ਪੇਸ਼ਕਸ਼ ਕਰਨ ਦੇ ਯੋਗ ਹੋਣ 'ਤੇ ਮਾਣ ਹੈ। ਕਮਿਊਨਿਟੀ ਨੂੰ ਸਿਹਤ ਅਤੇ ਤੰਦਰੁਸਤੀ ਦੇ ਹੱਲ ਪ੍ਰਦਾਨ ਕਰਨਾ ਇੱਕ ਸਿਹਤ ਸੰਭਾਲ ਸੰਸਥਾ ਦੇ ਰੂਪ ਵਿੱਚ ਸਾਡੇ ਡੀਐਨਏ ਵਿੱਚ ਹੈ, ਅਤੇ ਅਸੀਂ ਟਾਈਪ 2 ਡਾਇਬਟੀਜ਼ ਦੇ ਮਹੱਤਵਪੂਰਨ ਜਨਤਕ ਸਿਹਤ ਮੁੱਦੇ ਨਾਲ ਨਜਿੱਠਣ ਲਈ ਆਪਣੇ ਭਾਈਵਾਲਾਂ ਨਾਲ ਮਿਲ ਕੇ ਕੰਮ ਕਰਨ ਲਈ ਵਚਨਬੱਧ ਹਾਂ।"

ਐਮਪੀ ਸਿੱਧੂ ਨੇ ਬੋਲਦੇ ਹੋਏ ਕਿਹਾ ਕਿ ਬਰੈਂਪਟਨ ਵਿੱਚ, ਲਗਭਗ ਹਰ ਛੇਵਾਂ ਨਿਵਾਸੀ ਸ਼ੂਗਰ ਜਾਂ ਪ੍ਰੀ-ਡਾਇਬੀਟੀਜ਼ ਨਾਲ ਰਹਿੰਦਾ ਹੈ। 11 ਮਿਲੀਅਨ ਕੈਨੇਡੀਅਨ ਸ਼ੂਗਰ ਜਾਂ ਪ੍ਰੀ-ਡਾਇਬੀਟੀਜ਼ ਨਾਲ ਰਹਿ ਰਹੇ ਹਨ। ਪਿਛਲੇ 20 ਸਾਲਾਂ ਵਿੱਚ ਨਿਦਾਨਾਂ ਦੀ ਗਿਣਤੀ ਦੁੱਗਣੀ ਹੋ ਗਈ ਹੈ। ਐਮਪੀ ਸਿੱਧੂ ਨੇ ਨਗਰ ਕੌਂਸਲ, ਮੇਅਰ ਅਤੇ ਸਥਾਨਕ ਭਾਈਚਾਰੇ ਦੇ ਮੈਂਬਰਾਂ ਨਾਲ ਮਿਲ ਕੇ ਕੰਮ ਕੀਤਾ। 2019 ਵਿੱਚ, ਐਮਪੀ ਸਿੱਧੂ ਨੇ ਹਾਊਸ ਆਫ ਕਾਮਨਜ਼ ਵਿੱਚ ਇਸ ਸਮਾਗਮ ਨੂੰ ਸੰਘੀ ਤੌਰ 'ਤੇ ਮਾਨਤਾ ਦੇਣ, ਅਤੇ ਨਵੰਬਰ ਨੂੰ ਡਾਇਬੀਟੀਜ਼ ਜਾਗਰੂਕਤਾ ਮਹੀਨੇ ਵਜੋਂ ਘੋਸ਼ਿਤ ਕਰਨ ਲਈ ਇੱਕ ਮਤਾ ਪੇਸ਼ ਕੀਤਾ।

2021 ਸ਼ੂਗਰ ਦੇ ਵਿਰੁੱਧ ਲੜਾਈ ਲਈ ਇੱਕ ਮਹੱਤਵਪੂਰਨ ਵਰ੍ਹੇਗੰਢ ਨੂੰ ਦਰਸਾਉਂਦਾ ਹੈ। ਇਹ 1921 ਵਿੱਚ ਟੋਰਾਂਟੋ ਯੂਨੀਵਰਸਿਟੀ ਵਿੱਚ ਸਰ ਫਰੈਡਰਿਕ ਬੈਂਟਿੰਗ ਅਤੇ ਉਸਦੇ ਸਾਥੀਆਂ ਦੁਆਰਾ ਇਨਸੁਲਿਨ ਦੀ ਖੋਜ ਦਾ ਸ਼ਤਾਬਦੀ ਹੈ। ਇਹ ਖੋਜ਼ ਵੀਹਵੀਂ ਸਦੀ ਦੀ ਸਭ ਤੋਂ ਮਹੱਤਵਪੂਰਨ ਡਾਕਟਰੀ ਸਫਲਤਾਵਾਂ ਵਿੱਚੋਂ ਇੱਕ ਰਹੀ, ਜਿਸ ਕਾਰਨ ਬੈਂਟਿੰਗ ਨੂੰ ਮੈਡੀਸਨ ਵਿੱਚ ਨੋਬਲ ਪੁਰਸਕਾਰ ਦਿੱਤਾ ਗਿਆ, ਜਿਸ ਤਹਿਤ ਹੁਣ ਤੱਕ ਅਣਗਿਣਤ ਜਾਨਾਂ ਬਚਾਈਆਂ ਜਾ ਚੁਕਿਆ ਹਨ। 1991 ਵਿੱਚ, ਅੰਤਰਰਾਸ਼ਟਰੀ ਡਾਇਬੀਟੀਜ਼ ਫੈਡਰੇਸ਼ਨ ਅਤੇ ਵਿਸ਼ਵ ਸਿਹਤ ਸੰਗਠਨ ਨੇ 14 ਨਵੰਬਰ, ਬੈਂਟਿੰਗ ਦੇ ਜਨਮ ਦਿਨ ਨੂੰ ਪਹਿਲੇ ਵਿਸ਼ਵ ਸ਼ੂਗਰ ਦਿਵਸ ਵਜੋਂ ਚੁਣਿਆ ਹੈ।

ਜੁਲਾਈ ਵਿੱਚ, ਸੰਸਦ ਦੇ ਦੋਵਾਂ ਸਦਨਾਂ ਨੇ ਸਰਬਸੰਮਤੀ ਨਾਲ ਐਮਪੀ ਸਿੱਧੂ ਦੇ ਪ੍ਰਾਈਵੇਟ ਮੈਂਬਰ ਬਿੱਲ, ਸੀ-237, ਨੈਸ਼ਨਲ ਫਰੇਮਵਰਕ ਫਾਰ ਡਾਇਬੀਟੀਜ਼ ਐਕਟ ਨੂੰ ਪਾਸ ਕੀਤਾ ਸੀ। ਬਿੱਲ ਇਹ ਮੰਗ ਕਰਦਾ ਹੈ ਕਿ ਸਰਕਾਰ ਸ਼ੂਗਰ ਨਾਲ ਲੜਨ ਲਈ ਇੱਕ ਰਾਸ਼ਟਰੀ ਯੋਜਨਾ ਬਣਾਉਣ ਲਈ ਸੂਬਿਆਂ ਅਤੇ ਪ੍ਰਦੇਸ਼ਾਂ, ਆਦਿਵਾਸੀ ਸਮੂਹਾਂ ਅਤੇ ਹੋਰ ਹਿੱਸੇਦਾਰਾਂ ਨਾਲ ਕੰਮ ਕਰੇ। ਰਣਨੀਤੀ ਦਾ ਉਦੇਸ਼ ਜਾਗਰੂਕਤਾ, ਸਿੱਖਿਆ, ਫੰਡਿੰਗ, ਇਲਾਜ ਅਤੇ ਖੋਜ ਦਾ ਤਾਲਮੇਲ ਕਰਨਾ ਹੋਵੇਗਾ। ਆਪਣੇ 2021 ਦੇ ਬਜਟ ਵਿੱਚ, ਸਰਕਾਰ ਨੇ ਇਸ ਢਾਂਚੇ ਨੂੰ ਬਣਾਉਣ ਲਈ $25 ਮਿਲੀਅਨ ਦਾ ਵਾਅਦਾ ਕੀਤਾ ਹੈ।

ਐਮਪੀ ਸਿੱਧੂ ਨੇ ਸੰਸਦ ਲਈ ਚੁਣੇ ਜਾਣ ਤੋਂ ਪਹਿਲਾਂ ਅਠਾਰਾਂ ਸਾਲਾਂ ਤੱਕ ਇੱਕ ਹੈਲਥਕੇਅਰ ਪ੍ਰੋਫੈਸ਼ਨਲ ਵਜੋਂ ਕੰਮ ਕੀਤਾ, ਜਿੱਥੇ ਉਹ ਹੁਣ ਆਲ-ਪਾਰਟੀ ਡਾਇਬੀਟੀਜ਼ ਕਾਕਸ ਦੀ ਚੇਅਰ ਵਜੋਂ ਕੰਮ ਕਰਦੀ ਹੈ। ਇਸ ਭੂਮਿਕਾ ਵਿੱਚ ਉਸਨੇ ਖੋਜਕਰਤਾਵਾਂ ਅਤੇ ਵਕੀਲਾਂ ਦੁਆਰਾ ਪੇਸ਼ਕਾਰੀਆਂ ਰਾਹੀਂ ਆਪਣੇ ਸਾਥੀ ਸੰਸਦ ਮੈਂਬਰਾਂ ਵਿੱਚ ਸ਼ੂਗਰ ਦੇ ਆਲੇ ਦੁਆਲੇ ਦੇ ਮੁੱਦਿਆਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਕੰਮ ਕੀਤਾ ਹੈ। ਉਸਨੇ 2019 ਵਿੱਚ ਇੱਕ ਕਰਾਸ-ਕੰਟਰੀ ਸਲਾਹ ਮਸ਼ਵਰਾ ਵੀ ਕੀਤਾ ਅਤੇ ਕਈ ਅੰਤਰਰਾਸ਼ਟਰੀ ਸਮਾਗਮਾਂ ਵਿੱਚ ਕੈਨੇਡਾ ਦੀ ਪ੍ਰਤੀਨਿਧਤਾ ਕੀਤੀ।

ਸੋਨੀਆ ਸਿੱਧੂ, ਨੇ ਕਿਹਾ, “ਇਨ-ਸੁਲਿਨ ਦੀ ਖੋਜ ਕੈਨੇਡਾ ਦੇ ਵਿਸ਼ਵ ਲਈ ਸਭ ਤੋਂ ਸਥਾਈ ਯੋਗਦਾਨਾਂ ਵਿੱਚੋਂ ਇੱਕ ਹੈ, ਅਤੇ ਅੱਜ ਅਸੀਂ ਉਹਨਾਂ ਲੋਕਾਂ ਦਾ ਜਸ਼ਨ ਮਨਾਉਂਦੇ ਹਾਂ ਜਿਹਨਾਂ ਨੇ ਇਸਨੂੰ ਬਣਾਇਆ, ਅਤੇ ਨਾਲ ਹੀ ਉਹਨਾਂ ਦਾ ਵੀ ਜੋ ਇਲਾਜ ਲਈ ਖੋਜ ਜਾਰੀ ਰੱਖਦੇ ਹਨ। ਅਸੀਂ ਉਹਨਾਂ ਲੋਕਾਂ ਦਾ ਵੀ ਜਸ਼ਨ ਮਨਾਉਂਦੇ ਹਾਂ ਜੋ ਡਾਇਬੀਟੀਜ਼ ਨਾਲ ਰਹਿੰਦੇ ਹਨ, ਉਹਨਾਂ ਦੇ ਅਜ਼ੀਜ਼ਾਂ ਦੁਆਰਾ ਪ੍ਰਦਾਨ ਕੀਤੀ ਸਹਾਇਤਾ ਨੂੰ ਪਛਾਣਦੇ ਹਾਂ, ਅਤੇ ਉਹਨਾਂ ਦਾ ਸਨਮਾਨ ਕਰਦੇ ਹਾਂ ਜੋ ਗੁਆਚ ਗਏ ਹਨ। ਅਸੀਂ ਹਮੇਸ਼ਾ ਇਸ ਲੜਾਈ ਵਿੱਚ ਆਗੂ ਰਹੇ ਹਾਂ, ਅਤੇ ਮੈਨੂੰ ਇਹ ਦੇਖ ਕੇ ਬਹੁਤ ਖੁਸ਼ੀ ਹੋਈ ਹੈ ਕਿ ਬਰੈਂਪਟਨ ਵਿੱਚ ਸਾਡਾ ਭਾਈਚਾਰਾ ਇਸ ਪਰੰਪਰਾ ਨੂੰ ਜਾਰੀ ਰੱਖ ਰਿਹਾ ਹੈ। ਸਾਡੇ ਲਈ ਇਕੱਠੇ ਕਰਨ ਲਈ ਬਹੁਤ ਕੁਝ ਹੈ ਅਤੇ ਅਸੀਂ ਹੋਰ ਵੀ ਕਰਨਾ ਜਾਰੀ ਰੱਖਾਂਗੇ। ਮੈਂ ਸਾਰੇ ਭਾਈਚਾਰੇ ਦੇ ਮੈਂਬਰਾਂ ਦਾ ਧੰਨਵਾਦ ਕਰਨਾ ਚਾਹੁੰਦੀ ਹਾਂ ਜੋ ਇਸ ਲੜਾਈ ਵਿੱਚ ਸਾਡੇ ਨਾਲ ਸ਼ਾਮਲ ਹੋ ਰਹੇ ਹਨ।












## ਕੋਵਿਡ-19 ਆਉਟਬ੍ਰੇਕ ਕਾਰਨ ਇੱਕ ਹੋਰ ਐਲੀਮੈਂਟਰੀ ਸਕੂਲ ਕੀਤਾ ਗਿਆ ਬੰਦ

...ਪੰਨਾ 1 ਦਾ ਬਾਕੀ

ਇਹ ਵਾਇਰਸ 17 ਵਿਦਿਆਰਥੀਆਂ ਤੇ ਇੱਕ ਸਟਾਫ ਮੈਂਬਰ ਨੂੰ ਹੋਣ ਦੀ ਪੁਸ਼ਟੀ ਹੋਈ ਹੈ। ਟੋਰਾਂਟੋ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ ਦਾ ਕਹਿਣਾ ਹੈ ਕਿ ਇਸ ਆਉਟਬ੍ਰੇਕ ਸਬੰਧੀ ਪਹਿਲਾ ਕੇਸ 3 ਨਵੰਬਰ ਨੂੰ ਸਾਹਮਣੇ ਆਇਆ ਸੀ। ਟੋਰਾਂਟੋ ਪਬਲਿਕ ਹੈਲਥ ਵੱਲੋਂ ਇਸ ਕੇਸ ਦੇ ਸੰਪਰਕ ਵਿੱਚ ਆਉਣ ਵਾਲਿਆਂ ਨੂੰ ਇਸ ਬਾਰੇ ਜਾਣੂ ਕਰਵਾ ਦਿੱਤਾ ਗਿਆ ਹੈ ਤੇ ਉਨ੍ਹਾਂ ਨੂੰ ਘਰਾਂ ਵਿੱਚ ਹੀ ਰਹਿਣ ਦੀ ਸਲਾਹ ਦਿੱਤੀ ਗਈ ਹੈ ਤੇ ਇਸ ਦੇ ਨਾਲ ਹੀ ਉਨ੍ਹਾਂ ਨੂੰ ਲੱਛਣਾਂ ਉੱਤੇ ਨਜ਼ਰ ਰੱਖਣ ਲਈ ਵੀ ਆਖਿਆ ਜਾ ਰਿਹਾ ਹੈ ਤੇ ਜੇ ਇਹ ਆਊਟਬ੍ਰੇਕ ਇਸੇ ਤਰ੍ਹਾਂ ਜਾਰੀ ਰਹਿੰਦੀ ਹੈ ਤਾਂ ਉਨ੍ਹਾਂ ਨੂੰ ਆਪਣੀ ਜਾਂਚ ਲਈ ਵੀ ਆਖਿਆ ਜਾ ਰਿਹਾ ਹੈ।

ਇੱਕ ਟਵੀਟ ਵਿੱਚ ਟੀਪੀਐਚ ਨੇ ਆਖਿਆ ਕਿ ਜਲਦ ਹੀ ਅਸੀਂ ਆਪਣੇ ਸਕੂਲ ਪਾਰਟਨਰਜ਼ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਇਹ ਦੱਸ ਦੇਵਾਂਗੇ ਕਿ ਇਨ-ਪਰਸਨ ਲਰਨਿੰਗ ਕਦੋਂ ਤੋਂ ਸ਼ੁਰੂ ਹੋ ਰਹੀ ਹੈ।

## ਯੂ ਕੇ ਵਿਚ ਹਸਪਤਾਲ ਦੇ ਬਾਹਰ ਕਾਰ ਵਿਚ ਹੋਇਆ ਧਮਾਕਾ ਅੱਤਵਾਦੀ ਕਾਰਵਾਈ : ਪੁਲਿਸ

...ਪੰਨਾ 1 ਦਾ ਬਾਕੀ

ਇਸ ਧਮਾਕੇ ਵਿੱਚ ਪੁਰਸ਼ ਪੈਸੰਜਰ ਦੀ ਮੌਤ ਹੋ ਗਈ ਤੇ ਅੱਗ ਲੱਗਣ ਕਾਰਨ ਟੈਕਸੀ ਡਰਾਈਵਰ ਜ਼ਖ਼ਮੀ ਹੋ ਗਿਆ। ਜੈਕਸਨ ਨੇ ਆਖਿਆ ਕਿ ਹੁਣ ਇਹ ਪਤਾ ਲਾਉਣ ਦੀ ਕੋਸ਼ਿਸ਼ ਚੱਲ ਰਹੀ ਹੈ ਕਿ ਇਹ ਡਿਵਾਈਸ ਕਿਸ ਤਰ੍ਹਾਂ ਬਣਾਈ ਗਈ, ਇਸ ਪਿੱਛੇ ਕਾਰਨ ਕੀ ਸੀ ਤੇ ਇਹ ਪਤਾ ਲਾਉਣ ਦੀ ਵੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਕੀ ਇਸ ਵਿੱਚ ਕੋਈ ਹੋਰ ਵੀ ਸ਼ਾਮਲ ਸੀ। ਐਤਵਾਰ ਨੂੰ ਸਿਟੀ ਦੇ ਹੋਰਨਾਂ ਹਿੱਸਿਆਂ ਵਿੱਚ ਟੈਰੋਰਿਜ਼ਮ ਐਕਟ ਤਹਿਤ 20 ਸਾਲਾਂ ਦੇ ਤਿੰਨ ਹੋਰਨਾਂ ਵਿਅਕਤੀਆਂ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਤੇ ਚੌਥੇ ਨੂੰ ਸੋਮਵਾਰ ਨੂੰ ਨਜ਼ਰਬੰਦ ਕਰ ਲਿਆ ਗਿਆ। ਪੁਲਿਸ ਨੇ ਆਖਿਆ ਕਿ ਇਹ ਸਾਰੇ ਮਾਰੇ ਗਏ ਪੈਸੰਜਰ ਦੇ ਹੀ ਸਾਥੀ ਸਮਝੇ ਜਾ ਰਹੇ ਹਨ।

ਇਸ ਸਬੰਧ ਵਿੱਚ ਸੋਮਵਾਰ ਨੂੰ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਵੱਲੋਂ ਸਰਕਾਰ ਦੀ ਕੋਬਰਾ ਕ੍ਰਾਈਸਿਜ਼ ਕਮੇਟੀ ਦੀ ਮੀਟਿੰਗ ਵੀ ਕੀਤੀ ਜਾਣੀ ਹੈ।

## ਲਖੀਮਪੁਰ ਹਿੰਸਾ : ਉੱਤਰ ਪ੍ਰਦੇਸ਼ ਦੀ ਯੋਗੀ ਸਰਕਾਰ ਨੇ ਸਾਬਕਾ ਜੱਜ ਦੀ ਨਿਗਰਾਨੀ ਵਿੱਚ ਜਾਂਚ ਕਰਾਉਣੀ ਮੰਨ ਲਈ

ਨਵੀਂ ਦਿੱਲੀ, 15 ਨਵੰਬਰ, (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੀ ਭਾਜਪਾ ਸਰਕਾਰ ਨੇ ਲਖੀਮਪੁਰ ਖੀਰੀ ਹਿੰਸਾ ਕੇਸ ਦੀ ਹਰ ਦਿਨ ਦੇ ਆਧਾਰ ਉੱਤੇਜਾਂਚ ਕਰਦੀ ਵਿਸ਼ੇਸ਼ ਜਾਂਚ ਟੀਮ(ਐੱਸ ਆਈ ਟੀ) ਜਾਂਚ ਦੀ ਨਿਗਰਾਨੀ ਸੁਪਰੀਮ ਕੋਰਟ ਦੇ ਨਿਯੁਕਤ ਕੀਤੇ ਗਏ ਸਾਬਕਾ ਜੱਜ ਤੋਂ ਕਰਵਾਉਣ ਦੇ ਸੁਝਾਅ ਉੱਤੇ ਸਹਿਮਤੀ ਦੇ ਦਿੱਤੀ ਹੈ।

ਵਰਨਣ ਯੋਗ ਹੈ ਕਿ ਬੀਤੀ ਤਿੰਨ ਅਕਤੂਬਰ ਨੂੰ ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਵਿੱਚ ਹੋਈ ਹਿੰਸਕ ਘਟਨਾਵਿੱਚ ਚਾਰ ਕਿਸਾਨਾਂ ਸਣੇ 8 ਲੋਕ ਮਾਰੇ ਗਏ ਸਨ।ਭਾਰਤ ਦੇ ਚੀਫ਼ ਜਸਟਿਸ ਐੱਨ ਵੀ ਰਾਮੰਨਾ, ਜਸਟਿਸ ਸੂਰੀਆਕਾਂਤ ਅਤੇ ਜਸਟਿਸ ਹਿਮਾ ਕੋਹਲੀ ਦੀ ਬੈਂਚ ਨੇ ਐੱਸ ਆਈ ਟੀ ਜਾਂਚਵਿੱਚ ਛੋਟੇ ਰੈਂਕ ਦੇ ਪੁਲਸ ਅਫਸਰਾਂ ਦੇ ਸ਼ਾਮਲ ਹੋਣ ਦਾ ਮੁੱਦਾ ਚੁੱਕਿਆ ਅਤੇ ਉੱਤਰ ਪ੍ਰਦੇਸ਼ ਕਾਡਰ ਦੇ ਉਨ੍ਹਾਂ ਭਾਰਤੀ ਪੁਲਸ ਸੇਵਾ (ਆਈ ਪੀ ਐੱਸ) ਦੇ ਅਫਸਰਾਂ ਦੇ ਨਾਮ ਮੰਗੇ ਸਨ, ਜਿਹੜੇਇਸ ਰਾਜ ਦੇ ਮੂਲ ਵਾਸੀ ਨਹੀਂ ਤਾਂ ਕਿ ਉਨ੍ਹਾਂ ਨੂੰ ਜਾਂਚ ਟੀਮਵਿੱਚਪਾਇਆ ਜਾ ਸਕੇ।ਅਦਾਲਤ ਨੇ ਕਿਹਾ ਕਿ ਉਸ ਨੂੰ ਸੰਬੰਧਤ ਜੱਜ ਦੀ ਸਹਿਮਤੀ ਵੀ ਲੈਣੀ ਪਵੇਗੀ ਅਤੇ ਇਸ ਸਨਸਨੀਖੇਜ਼ਕੇਸ ਦੀ ਨਿਗਰਾਨੀ ਲਈ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਸਾਬਕਾ ਜੱਜਾਂ ਦੇ ਨਾਵਾਂ ਉੱਤੇ ਵੀ ਵਿਚਾਰ ਕਰਨਾ ਹੋਵੇਗਾ।

ਇਸ ਮੌਕੇ ਸੀਨੀਅਰ ਐਡਵੋਕੇਟ ਹਰੀਸ਼ ਸਾਲਵੇ ਨੇ ਦਲੀਲ ਦਿੱਤੀ ਕਿ ਰਾਜ ਸਰਕਾਰ ਨੂੰ ਸੁਪਰੀਮ ਕੋਰਟ ਵੱਲੋਂ ਜਾਂਚ ਦੀ ਨਿਗਰਾਨੀ ਲਈ ਆਪਣੀ ਪਸੰਦ ਦੇ ਸਾਬਕਾ ਜੱਜ ਦੀ ਨਿਯੁਕਤੀ ਨਾਲ ਕੋਈ ਸਮੱਸਿਆ ਨਹੀਂ, ਪਰ ਉਹ ਉੱਤਰ ਪ੍ਰਦੇਸ਼ ਦਾ ਮੂਲ ਵਾਸੀ ਨਹੀਂ ਚਾਹੀਦਾ, ਇਹ ਗੱਲ ਮਨਵਿੱਚ ਨਹੀਂ ਰੱਖਣੀ ਚਾਹੀਦੀ, ਕਿਉਂਕਿ ਸੰਬੰਧਤ ਜੱਜਨਿਗਰਾਨਹੀ ਹੈ।ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ 8 ਨਵੰਬਰ ਨੂੰ ਜਾਂਚ ਉੱਤੇਤਸੱਲੀਨਾ ਕਰਦੇ ਹੋਏ ਕਿਹਾ ਸੀ ਕਿ ਇਸ ਜਾਂਚਨੂੰ 'ਆਜ਼ਾਦ ਅਤੇ ਨਿਰਪੱਖ' ਰੱਖਣ ਲਈ ਹਾਈ ਕੋਰਟ ਦੇ ਸਾਬਕਾ ਜੱਜ ਨੂੰ ਰੋਜ਼ਾਨਾ ਆਧਾਰ ਉੱਤੇ ਇਸ ਦੀ ਨਿਗਰਾਨੀ ਸੌਂਪ ਦੇਣੀ ਚਾਹੀਦੀ ਹੈ। ਬੈਂਚ ਨੇ ਇਹ ਵੀ ਕਿਹਾ ਸੀ ਕਿ ਉਸ ਨੂੰ ਭਰੋਸਾ ਨਹੀਂ ਤੇ ਉਹ ਨਹੀਂ ਚਾਹੁੰਦੀ ਕਿ ਰਾਜ ਸਰਕਾਰ ਵਲੋਂ ਨਿਯੁਕਤ ਕੀਤਾ ਇਕ ਮੈਂਬਰੀ ਜੁਡੀਸ਼ਲ ਕਮਿਸ਼ਨ ਕੇਸ ਦੀ ਜਾਂਚ ਕਰੇ। ਲਖੀਮਪੁਰ ਖੀਰੀ ਜ਼ਿਲੇ ਦੇਤਿਕੋਨੀਆ-ਬਨਬੀਰਪੁਰ ਮਾਰਗ ਉੱਤੇ ਹੋਈ ਹਿੰਸਾ ਦੀ ਜਾਂਚ ਲਈ ਉੱਤਰ ਪ੍ਰਦੇਸ਼ ਦੀ ਸਰਕਾਰ ਨੇ ਇਲਾਹਾਬਾਦ ਹਾਈਕੋਰਟ ਦੇ ਸੇਵਾ ਮੁਕਤ ਜਸਟਿਸ ਪ੍ਰਦੀਪ ਕੁਮਾਰ ਸ਼੍ਰੀਵਾਸਤਵ ਨੂੰ ਨਾਮਜ਼ਦ ਕੀਤਾ ਸੀ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

Check our Free E-paper at:
www.canadianpunjabipost.ca
905-793-2202
ਪੰਜਾਬੀ ਪੋਸਟ

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜ਼ਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

## ਕਾਂਗਰਸੀ ਆਗੂ ਸਲਮਾਨ ਖੁਰਸ਼ੀਦ ਦਾ ਘਰ ਹਿੰਦੂਵਾਦੀ ਸੰਗਠਨਾਂ ਨੇ ਅੱਗ ਲਾ ਕੇ ਫੂਕਿਆ

### * 20 ਜਣਿਆਂ ਦੇ ਖ਼ਿਲਾਫ਼ ਕੇਸ ਦਰਜ



ਡੇਹਰਾਦੂਨ, 15 ਨਵੰਬਰ, (ਪੋਸਟ ਬਿਊਰੋ)- ਕਾਂਗਰਸ ਨੇਤਾ ਅਤੇ ਭਾਰਤ ਦੇ ਸਾਬਕਾ ਕੇਂਦਰੀ ਮੰਤਰੀ ਸਲਮਾਨ ਖੁਰਸ਼ੀਦ ਦੀ ਕਿਤਾਬ ਦੇ ਵਿਵਾਦਿਤ ਅੰਸ਼ ਕਾਰਨ ਭੜਕੇ ਹੋਏਹਿੰਦੂਵਾਦੀ ਸੰਗਠਨਾਂਨੇ ਸੋਮਵਾਰ ਨੂੰ ਨੈਨੀਤਾਲ ਜ਼ਿਲ੍ਹੇ ਦੇ ਭਵਾਲੀ-ਰਾਮਗੜ੍ਹ ਰੋਡ ਉੱਤੇ ਸ਼ੀਤਲਾਵਿੱਚਖੁਰਸ਼ੀਦ ਦੇ ਪ੍ਰਦਰਸ਼ਨ ਕਰਦਿਆਂ ਤੋੜ-ਭੰਨ ਕੀਤੀਅਤੇ ਮਕਾਨ ਨੂੰ ਅੱਗ ਲਾ ਦਿੱਤੀ। ਇਸ ਤੋਂ ਬਾਅਦ ਘਰ ਦੇ ਕੇਅਰ ਟੇਕਰ ਸੁੰਦਰਰਾਮ ਨੇ ਕਿਸੇ ਤਰ੍ਹਾਂ ਅੱਗਬੁਝਾਈ ਤੇ ਪੁਲਸ ਨੂੰ ਦੱਸਿਆ, ਪਰ ਪੁਲਿਸ ਦੇ ਪੁੱਜਣ ਤੱਕ ਪ੍ਰਦਰਸ਼ਨਕਾਰੀ ਓਥੋਂ ਜਾ ਚੁੱਕੇ ਸਨ।ਇਹ ਪ੍ਰਦਰਸ਼ਨਕਾਰੀ ਸਲਮਾਨ ਖੁਰਸ਼ੀਦ ਦੀ ਕਿਤਾਬਵਿੱਚਹਿੰਦੂਤੱਵ ਦੀ ਤੁਲਨਾ ਅੱਤਵਾਦੀ ਜਥੇਬੰਦੀ ਆਈਐੱਸਆਈ ਐੱਸ ਅਤੇ ਬੋਕੋ ਹਰਮ ਵਰਗੇ ਸੰਗਠਨਾਂ ਨਾਲ ਕੀਤੇ ਜਾਣ ਦੇ ਕਾਰਨ ਗੁੱਸੇਵਿੱਚ ਸਨ, ਜਿਸ ਕਾਰਨ ਸਾਰੇ ਭਾਰਤਵਿੱਚ ਵਿਰੋਧ ਪ੍ਰਦਰਸ਼ਨ ਹੋ ਰਿਹਾ ਹੈ।

ਸਾਬਕਾ ਕੇਂਦਰੀ ਮੰਤਰੀ ਅਤੇ ਕਾਂਗਰਸ ਨੇਤਾ ਸਲਮਾਨ ਖੁਰਸ਼ੀਦ ਦੀ ਕਿਤਾਬ 'ਸਨਰਾਈਜ਼ ਓਵਰ ਅਯੁੱਧਿਆ' ਰਿਲੀਜ਼ ਹੋਣ ਮਗਰੋਂ ਵਿਵਾਦਾਂਵਿੱਚ ਹੈ।ਖੁਰਸ਼ੀਦ ਉੱਤੇ ਦੋਸ਼ ਹੈ ਕਿ ਉਸ ਨੇ ਹਿੰਦੂਤੱਵ ਦੀ ਤੁਲਨਾ ਅੱਤਵਾਦ ਨਾਲ ਕਰ ਕੇ ਉਸ ਨੂੰ ਬਦਨਾਮ ਕਰਨ ਦਾ ਯਤਨ ਕੀਤਾ ਹੈ। ਕਿਤਾਬਵਿੱਚ ਸਲਮਾਨ ਨੇ ਕਿਹਾ ਕਿ ਹਿੰਦੂਤਵ ਸਾਧੂ-ਸੰਤਾਂ ਦੇ ਸਨਾਤਨ ਤੇ ਪ੍ਰਾਚੀਨ ਹਿੰਦੂ ਧਰਮ ਨੂੰ ਖੂੰਜੇ ਲਾ ਰਿਹਾ ਹੈ, ਜੋ ਹਰ ਤਰ੍ਹਾਂ ਆਈਐੱਸਆਈ ਐੱਸ ਅਤੇ ਬੋਕੋ ਹਰਮ ਵਰਗੇ ਜਹਾਦੀ ਇਸਲਾਮੀ ਸੰਗਠਨਾਂ ਵਰਗਾ ਵਿਹਾਰ ਹੈ। ਉਨ੍ਹਾਂ ਦੀ ਇਸ ਟਿੱਪਣੀ ਕਾਰਨਹਿੰਦੂਵਾਦੀ ਸੰਗਠਨਾਂਵਿੱਚ ਰੋਸ ਕਾਰਨ ਅੱਜ ਸੋਮਵਾਰ ਬਾਅਦ ਦੁਪਹਿਰ ਨੈਨੀਤਾਲ ਜ਼ਿਲ੍ਹੇ ਦੇ ਸ਼ੀਤਲਾਵਿਚਲੇ ਉਨ੍ਹਾਂ ਦੇ ਘਰ ਅੱਗੇ ਹਿੰਦੂਵਾਦੀ ਸੰਗਠਨਾਂ ਨੇ ਪ੍ਰਦਰਸ਼ਨ ਕੀਤਾ, ਜਿਸ ਦੌਰਾਨ ਉਨ੍ਹਾਂ ਪੱਥਰਬਾਜ਼ੀ ਕੀਤੀ ਤੇ ਅੱਗ ਲਾ ਦਿੱਤੀ।ਸੂਚਨਾ ਮਿਲਣਉੱਤੇ ਪੁਲਿਸ ਦੇ ਪੁੱਜਣ ਤਕ ਉਹ ਲੋਕ ਜਾ ਚੁੱਕੇ ਸਨ। ਸਲਮਾਨ ਖੁਰਸ਼ੀਦ ਨੇ ਇਸ ਘਟਨਾ ਦੀ ਫੋਟੋ ਤੇ ਵੀਡੀਓ ਆਪਣੇ ਫੇਸਬੁੱਕ ਪੇਜ ਉੱਤੇਪਾਈ ਹੈ।ਕਮਾਊਂ ਦੇ ਡੀਆਈਜੀ ਪੁਲਸ ਨੀਲੇਸ਼ ਆਨੰਦ ਨੇ ਇਸ ਬਾਰੇ ਦੱਸਿਆ ਕਿ ਕੁਝ ਲੋਕਾਂ ਨੇ ਨੈਨੀਤਾਲ ਜ਼ਿਲ੍ਹੇਵਿੱਚ ਸਾਬਕਾ ਕੇਂਦਰੀ ਮੰਤਰੀ ਤੇ ਕਾਂਗਰਸ ਨੇਤਾ ਸਲਮਾਨ ਖੁਰਸ਼ੀਦ ਦੇ ਘਰਵਿੱਚ ਭੰਨਤੋੜ ਕੀਤੀ ਹੈ।ਇਸ ਬਾਰੇ ਰਾਕੇਸ਼ ਕਪਿਲ ਸਮੇਤ 20 ਜਣਿਆਂ ਦੇ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ ਅਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਜ਼ਰੂਰ ਜਾਣੋ; ਗਿਆਨ ਗੰਗਾ
।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।
• ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
• ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
• ਸਾਨੂੰ ਜਨਮ ਦੇਣ ਤੇ ਮਾਰਨ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
• ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
• ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
• ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
• ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
• ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
• ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
• ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
• ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
• ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?
ਗਿਆਨ ਗੰਗਾ
ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

# ਉੱਡਣਾ ਬਾਜ਼ ਗੁਰਬਚਨ ਸਿੰਘ ਰੰਧਾਵਾ

-ਪ੍ਰਿੰ. ਸਰਵਣ ਸਿੰਘ-

ਗੁਰਬਚਨ ਸਿੰਘ ਰੰਧਾਵਾ ਹਰਡਲਾਂ ਦੀ ਦੌੜ ਦਾ ਉੱਡਣਾ ਬਾਜ਼ ਸੀ। ਕਿਸੇ ਸਮੇਂ ਇੰਡੀਆ ਦੇ ਚਾਰ ਨੈਸ਼ਨਲ ਰਿਕਾਰਡ ਉਹਦੇ ਨਾਂ ਸਨ। ਜੇ ਉਹ ਭਾਰਤ ਦੀ ਥਾਂ ਅਮਰੀਕਾ ’ਚ ਜੰਮਿਆ ਹੁੰਦਾ ਤਾਂ ਨਾ ਜਿਮ ਥੋਰਪੇ ਤੋਂ ਘੱਟ ਰਹਿੰਦਾ ਤੇ ਨਾਂ ਜੈਸੀ ਓਵੇਂਸ ਤੋਂ। ਉਹ ਦੌੜਦਾ ਨਹੀਂ, ਹਰਡਲਾਂ ’ਤੇ ਉਡਦਾ ਸੀ। ਜਿਵੇਂ ਮਿਲਖਾ ਸਿੰਘ ਨੂੰ ‘ਫਲਾਈਂਗ ਸਿੱਖ’ ਦਾ ਖ਼ਿਤਾਬ ਮਿਲਿਆ ਉਵੇਂ ਗੁਰਬਚਨ ਸਿੰਘ ਨੂੰ ‘ਉੱਡਣੇ ਬਾਜ਼’ ਦਾ ਖ਼ਿਤਾਬ ਮਿਲਣਾ ਚਾਹੀਦਾ ਸੀ। ਉਹ ਨਵਦੀਪ ਸਿੰਘ ਗਿੱਲ ਨੇ ਉਹਦੀ ਜੀਵਨੀ ਲਿਖ ਕੇ ਦੇ ਦਿੱਤੈ ਜੋ 14 ਨਵੰਬਰ ਨੂੰ ਰਿਲੀਜ਼ ਹੋ ਚੁੱਕੀ ਹੈ।

ਅਥਲੈਟਿਕਸ ਗੁਰਬਚਨ ਸਿੰਘ ਦੇ ਲਹੂ ਵਿਚ ਸੀ। ਇਹਦੇ ਵਿਚ ਅੱਗੇ ਤੋਂ ਅੱਗੇ ਆਉਣ ਲਈ ਉਹਨੇ ਦਿਨ ਰਾਤ ਮੁੜ੍ਹਕਾ ਡੋਲ੍ਹਿਆ ਸੀ। ਅਸੀਂ ਉਹਨੂੰ ਹਰਡਲਾਂ ’ਤੇ ਬਾਜ਼ ਵਾਂਗ ਉਡਦਾ ਵੇਖਦੇ ਰਹੇ ਹਾਂ। ਪਰ ਭਾਰਤ ਵਿਚ ਗੁਰਬਚਨ ਨੂੰ ਓਨੀ ਮਸ਼ਹੂਰੀ ਨਹੀਂ ਮਿਲੀ ਜਿੰਨੀ ਦਾ ਉਹ ਹੱਕਦਾਰ ਸੀ। ਕ੍ਰਿਕਟ ਦੇ ਚੌਕੇ ਛਿੱਕੇ ਮਾਰਨ ਵਾਲੇ ਕ੍ਰਿਕਟਰ ਉਹਤੋਂ ਕਿਤੇ ਵੱਧ ਮਸ਼ਹੂਰੀ ਤੇ ਮਾਇਆ ਖੱਟ ਗਏ! ਨਵਦੀਪ ਨੇ ਚੰਗਾ ਕੀਤਾ ਬਿਆਸੀ ਸਾਲਾਂ ਦੇ ਡਿਕੈਥਲੀਟ ਦੀ ਜਿਉਂਦੇ ਜੀ ਜੀਵਨ ਗਾਥਾ ਲਿਖ ਦਿੱਤੀ।


ਗੁਰਬਚਨ ਮੈਥੋਂ ਇਕ ਸਾਲ ਵੱਡਾ ਹੈ। ਉਹਦਾ ਜਨਮ ਜੂਨ 1939, ਨੰਗਲੀ, ਜ਼ਿਲ੍ਹਾ ਅੰਮ੍ਰਿਤਸਰ ਵਿਚ ਹੋਇਆ ਸੀ। ਮੈਂ ਉਹਨੂੰ 1962 ਤੋਂ ਜਾਣਦਾਂ। ਪਚਵੰਜਾ ਸਾਲ ਪਹਿਲਾਂ ਮੈਂ ਉਹਦਾ ਸ਼ਬਦ ਚਿੱਤਰ ਲਿਖਿਆ ਸੀ ‘ਮੁੜ੍ਹਕੇ ਦਾ ਮੋਤੀ’। ਅੰਗਰੇਜ਼ੀ ਵਿਚ ਉਹਦੀ ਜੀਵਨੀ ਲਿਖਣ ਵਾਲੇ ਪੱਤਰਕਾਰ ਜੀ. ਰਾਜਾਰਮਨ ਨੇ ਆਪਣੀ ਪੁਸਤਕ ਦਾ ਨਾਂ ਰੱਖਿਆ ਸੀ ‘ਆਊਟਸਪੋਕਨ ਓਲੰਪੀਅਨ’। ਗੁਰਬਚਨ ਸਿੰਘ ਦੀ ਚਿਰੋਕਣੀ ਇੱਛਾ ਸੀ ਕਿ ਕੋਈ ਉਹਦੀ ਜੀਵਨੀ ਮਾਂ ਬੋਲੀ ਪੰਜਾਬੀ ਵਿਚ ਵੀ ਲਿਖੀ ਜਾਵੇ। ਮੇਰੇ ਸ਼ਗਿਰਦ ਨਵਦੀਪ ਨੇ ਗੁਰਬਚਨ ਦੀ ਗਾਥਾ ਪੰਜਾਬੀ ਵਿਚ ਲਿਖ ਕੇ ਉਹਦੀ ਇੱਛਾ ਪੂਰੀ ਕਰ ਦਿੱਤੀ ਤੇ ਮੇਰਾ ਵੀ ਉਲਾਂਭਾ ਲਾਹ ਦਿੱਤਾ।

ਮੈਨੂੰ ਯਾਦ ਹੈ ‘ਮੁੜ੍ਹਕੇ ਦਾ ਮੋਤੀ’ ‘ਆਰਸੀ’ ਵਿਚ ਛਪਣ ਪਿੱਛੋਂ ‘ਆਰਸੀ’ ਵਿਚ ਖਿਡਾਰੀਆਂ ਦੇ ਸ਼ਬਦ ਚਿੱਤਰ ਛਪਣ ਦੀ ਲਾਮਡੋਰੀ ਲੱਗ ਗਈ ਸੀ। ਕਦੇ ਧਰਤੀਧੱਕ, ਅੱਗ ਦੀ ਨਾਲ, ਅਲਸੀ ਦਾ ਫੁੱਲ, ਸ਼ਹਿਦ ਦਾ ਘੁੱਟ, ਕਲਹਿਰੀ ਮੋਰ, ਪੌਣ ਦਾ ਹਾਣੀ, ਪੱਤੋ ਵਾਲਾ, ਦੌੜ ਦਾ ਬਾਦਸ਼ਾਹ, ਦਲਾਂ ਦਾ ਮੋਹਰੀ, ਹੀਰਾ ਹਿਰਨ, ਜੰਗਲੀ ਮੋਰ ਤੇ ਕਦੇ ਗੁਰੂ ਨਾਨਕ ਦਾ ਗਰਾਈਂ। ਉਦੋਂ ਵਰਿਆਮ ਸਿੰਘ ਸੰਧੂ ਵਰਗੇ ਨਵੇਂ ਉਠਦੇ ਲੇਖਕ ਆਏ ਮਹੀਨੇ ਬੱਸ ਚੜ੍ਹਦੇ ਤੇ ਅੰਬਰਸਰੋਂ ਨਵਾਂ ‘ਆਰਸੀ’ ਖਰੀਦ ਕੇ ਲਿਆਉਂਦੇ। ਗੁਰਬਚਨ ਦੀ ਗੱਲ ਕਰਦਿਆਂ ਮੈਨੂੰ ਨਵੀਂ ਦਿੱਲੀ ਦਾ ਨੈਸ਼ਨਲ ਸਟੇਡੀਅਮ ਯਾਦ ਆ ਗਿਆ। ਅਸੀਂ ਦਿੱਲੀ ਯੂਨੀਵਰਸਿਟੀ ਦੇ ਅਥਲੀਟ ਹਫ਼ਤੇ ’ਚ ਇਕ ਦੋ ਵਾਰ ਨੈਸ਼ਨਲ ਸਟੇਡੀਅਮ ਵਿਚ ਪ੍ਰੈਕਟਿਸ ਕਰਨ ਜਾਂਦੇ ਸਾਂ। 1962 ਵਿਚ ਜਕਾਰਤਾ ਦੀਆਂ ਏਸ਼ਿਆਈ ਖੇਡਾਂ ਲਈ ਭਾਰਤ ਦੇ ਚੋਣਵੇਂ ਅਥਲੀਟਾਂ ਦਾ ਕੋਚਿੰਗ ਕੈਂਪ ਉਥੇ ਹੀ ਲੱਗਾ ਸੀ। ਉਸੇ ਕੋਚਿੰਗ ਕੈਂਪ ਵਿਚ ਮੇਰਾ ਪਹਿਲੀ ਵਾਰ ਇੰਡੀਆ ਦੇ ਸਟਾਰ ਅਥਲੀਟਾਂ ਨੂੰ ਮਿਲਣ ਦਾ ਸਬੱਬ ਬਣਿਆ ਜਿਥੋਂ ਮੈਂ ਖੇਡਾਂ ਤੇ ਖਿਡਾਰੀਆਂ ਬਾਰੇ ਲਿਖਣ ਲਈ ਪ੍ਰੇਰਿਆ ਗਿਆ। ਉਥੇ ਗੁਰਬਚਨ ਨੂੰ ਲੱਤ ਚੁੱਕ ਕੇ ਤਾੜੀ ਮਾਰਦਾ ਤੇ ਖਿੜ-ਖਿੜ ਹੱਸਦਾ ਮੈਂ ਪਹਿਲੀ ਵਾਰ ਵੇਖਿਆ ਸੀ।

1966 ’ਚ ਮੈਂ ਖ਼ਬਰ ਪੜ੍ਹੀ ਕਿ ਐੱਨਆਈਐੱਸ ਪਟਿਆਲੇ ਕਿੰਗਸਟਨ ਦੀਆਂ ਕਾਮਨਵੈਲਥ ਖੇਡਾਂ ਲਈ ਅਥਲੀਟਾਂ ਦਾ ਕੋਚਿੰਗ ਕੈਂਪ ਲੱਗਾ ਹੈ। ਉਹਨੀਂ ਦਿਨੀਂ ਗਾਰਗੀ ਦੀ ਪੁਸਤਕ ‘ਨਿੰਮ ਦੇ ਪੱਤੇ’ ਛਪੀ ਸੀ। ਉਸ ਵਿਚਲੇ ਲੇਖਕਾਂ ਦੇ ਰੇਖਾ ਚਿੱਤਰਾਂ ਨੇ ਮੈਨੂੰ ਖਿਡਾਰੀਆਂ ਦੇ ਰੇਖਾ ਚਿੱਤਰ ਲਿਖਣ ਲਈ ਟੁੰਬ ਦਿੱਤਾ ਸੀ। ਖ਼ਬਰ ਪੜ੍ਹ ਕੇ ਮੇਰੇ ਮਨ ’ਚ ਆਈ ਕਿ ਕੋਚਿੰਗ ਕੈਂਪ ਵਿਚ ’ਕੱਠੇ ਹੋਏ ਨਾਮੀ ਅਥਲੀਟਾਂ ਨਾਲ ਮੇਲ ਮਿਲਾਪ ਦਾ ਸੁਨਹਿਰੀ ਮੌਕਾ ਹੈ ਤੇ ਮੈਂ ਪਟਿਆਲੇ ਚਲਾ ਗਿਆ।

ਇਕ ਸ਼ਾਮ ਟਰੈਕ ਦੀਆਂ ਪੌੜੀਆਂ ’ਤੇ ਬੈਠਾ ਕੁਝ ਨੋਟ ਕਰ ਰਿਹਾ ਸਾਂ ਕਿ ਨੇੜੇ ਹੀ ’ਕੱਠੇ ਹੋਏ ਅਥਲੀਟ ਗੱਲਾਂ ਕਰਨ ਲੱਗੇ। ਅਜਮੇਰ ਮਸਤ ਕਹਿਣ ਲੱਗਾ, “ਉਹ ਜਿਹੜਾ ਲੰਡੂ ਜਿਆ ਅਫਸਰ ਐ ਨਾ, ਟੁੱਟੇ ਜੇ ਲੱਕ ਆਲਾ, ਸਫ਼ਰ ਥਰਡ ਕਲਾਸ ’ਚ ਕਰਦਾ, ਟੀਏ ਫਸਟ ਕਲਾਸ ਦਾ ਲੈਂਦਾ। ਸਾਨੂੰ ਪਾਈਆ ਦੁੱਧ ਵਧਾਉਂਦੇ ਦੀ ਜਾਨ ਨਿਕਲਦੀ ਆ!” ਮੇਰੀ ਡਾਇਰੀ ਖੋਲ੍ਹੀ ਹੋਈ ਸੀ। ਗੁਰਬਚਨ ਰੰਧਾਵੇ ਦੀ ਨਿਗ੍ਹਾ ਮੇਰੇ ’ਤੇ ਪਈ ਤਾਂ ਉਚੀ ਦੇਣੀ ਬੋਲਿਆ, “ਵੀਰਾ ਕਿਤੇ ਇਹ ਨਾ ਲਿਖ ਦੇਈਂ। ਅਸੀਂ ਤਾਂ ਹਸਦੇ ਆਂ, ਅਫਸਰ ਚੰਗੇ ਆ, ਹੋਰ ਨਾ ਕਿਤੇ ਪਾਈਏ ਦੁੱਧ ਤੋਂ ਵੀ ਜਾਈਏ?” ਮੈਂ ਸਭ ਤੋਂ ਪਹਿਲਾਂ ਗੁਰਬਚਨ ਸਿੰਘ ਦਾ ਸ਼ਬਦ ਚਿੱਤਰ ਹੀ ਉਲੀਕਿਆ ਜੋ ਉਸ ਸਮੇਂ ਏਸ਼ੀਆ ਦਾ ਬੈੱਸਟ ਅਥਲੀਟ ਸੀ। ਉਹ ਡਿਕੈਥਲੋਨ ਦਾ ਏਸ਼ੀਆ ਚੈਂਪੀਅਨ ਸੀ ਤੇ ਹਰਡਲਾਂ ਦੀ ਦੌੜ ਵਿਚੋਂ ਟੋਕੀਓ ਦੀਆਂ ਓਲੰਪਿਕ ਖੇਡਾਂ ’ਚੋਂ ਪੰਜਵੇਂ ਨੰਬਰ ’ਤੇ ਆਇਆ ਸੀ। ਸਕੂਲ ਵਿਚ ਉਹ ਵਾਲੀਬਾਲ ਖੇਡਣ ਲੱਗਾ ਸੀ। ਇਕ ਦਿਨ ਉਸ ਨੂੰ ਪੀਟੀ ਮਾਸਟਰ ਨੇ ਬੈਡਮਿੰਟਨ ਦਾ ਨੈੱਟ ਟੱਪਦਿਆਂ ਵੇਖਿਆ ਤਾਂ ਉਸ ਤੋਂ ਉੱਚੀਆਂ ਛਾਲਾਂ ਲੁਆਉਣ ਲੱਗਾ। ਫਿਰ ਉਹ ਵੱਡੇ ਭਰਾ ਹਰਭਜਨ ਸਿੰਘ ਨਾਲ ਖ਼ਾਲਸਾ ਕਾਲਜ ਅੰਮ੍ਰਿਤਸਰ ਦਾਖ਼ਲ ਹੋ ਗਿਆ ਜਿਥੇ ਯੂਨੀਵਰਸਿਟੀ ਦਾ ਚੈਂਪੀਅਨ ਬਣਦਾ ਪੰਜਾਬ ਚੈਂਪੀਅਨ ਬਣ ਗਿਆ ਤੇ ਸੈਂਟਰਲ ਰਿਜ਼ਰਵ ਪੁਲਸ ਵਿਚ ਭਰਤੀ ਹੋ ਗਿਆ।

ਕੋਚਿੰਗ ਕੈਂਪ ’ਚ ਗੱਲਾਂ ਚੱਲੀਆਂ, “ਡਿਸਕਸ ਥਰੋਅਰ ਬਲਦੇਵ ਦੁੱਧ ਦੀ ਬਾਲਟੀ ਪੀ ਗਿਆ। ਪ੍ਰਦੁੱਮਣ ਸਾਬਤਾ ਬੱਕਰਾ ਖਾ ਗਿਆ। ਪਰਵੀਨ ਰੂਹ ਅਫ਼ਜ਼ੇ ਦੀ ਬੋਤਲ ਘੜੇ ’ਚ ਘੋਲ ਕੇ ਇੱਕੋ ਚਿੱਘੀ ਪੀ ਗਿਆ। ਸ਼ਾਟ ਪੁੱਟਰ ਜੋਗੀ ਸਾਰਿਆਂ ਦੀ ਰੈਫਰੈਸ਼ਮੈਂਟ ਸਮੇਟ ਗਿਆ। ਬਾਬਾ ਗੁਰਦੀਪ ਮੀਟ ਦਾ ਦੇਗਾ ਚਟਮ ਕਰ ਗਿਆ। ਗੁਰਬਚਨ ਕਹਿਣ ਲੱਗਾ: ਹੋਰ ਥਰੋਅਰਾਂ ਨੇ ਕੀ ਕਰਨਾ ਸੀ? ਕਿਸੇ ਦੀ ਕੱਟੀ ਚੁੰਘ ਲਈ ਕਿਸੇ ਦੀ ਵੱਛੀ। ਏਨਾ ਸ਼ੁਕਰ ਆ ਪਈ ਅਜੇ ਤਕ ਇਹਨਾਂ ਕੋਈ ਬੰਦਾ ਨੀ ਖਾਧਾ!”ਗੁਰਬਚਨ ਨੂੰ ਕਿਤਾਬਾਂ ਪੜ੍ਹਨ ਦਾ ਵੀ ਸ਼ੌਕ ਹੈ। ਸਫ਼ਰ ਦੌਰਾਨ ਇਕ ਦੋ ਕਿਤਾਬਾਂ ਹਮੇਸ਼ਾਂ ਉਹਦੇ ਪਾਸ ਹੁੰਦੀਆਂ। ਉਸ ਨੂੰ ਸ਼ਿਕਾਰ ਖੇਡਣ ਤੇ ਫੋਟੋਗਰਾਫੀ ਦਾ ਵੀ ਸ਼ੌਕ ਹੈ। ਕਿਤਾਬਾਂ ਪੜ੍ਹਦਿਆਂ ਉਹ ਮਨ-ਭਾਉਂਦੀਆਂ ਸਤਰਾਂ ਹੇਠ ਲਕੀਰਾਂ ਲਾ ਲੈਂਦੈ। ਕਾਰਨ ਪੁੱਛਿਆ ਤਾਂ ਕਹਿੰਦਾ, “ਇਹ ਚਿੱਠੀਆਂ ਲਿਖਣ ਦੇ ਕੰਮ ਆਉਂਦੀਆਂ।” ਉਹ ਕਹਿੰਦਾ ਹੁੰਦਾ ਸੀ, “ਸਾਡੇ ਅੱਜ ਦੇ ਰਿਕਾਰਡ ਆਉਣ ਵਾਲੇ ਅਥਲੀਟਾਂ ਦੇ ਮੁੱਢਲੇ ਸਟੈਂਡਰਡ ਹੋਣਗੇ। ਬੰਦੇ ਦੀ ਤਾਕਤ ਦਾ ਕੋਈ ਸਿਰਾ ਨਹੀਂ। ਮੇਰਾ ਯਕੀਨ ਆ ਪੰਜਾਬ ਦੇ ਅਥਲੀਟ ਕਿਸੇ ਦਿਨ ਦੁਨੀਆ ਦੇ ਜੇਤੂ ਬਣਨਗੇ। ਉਸ ਦੀ ਭਵਿੱਖਬਾਣੀ ਅਜੇ ਸੱਚੀ ਨਹੀਂ ਹੋਈ। ਪਰ ਇਹ ਸੱਚ ਹੈ ਕਿ ਉਸ ਦੇ ਪਿਤਾ ਟਹਿਲ ਸਿੰਘ ਦਾ ਰਿਕਾਰਡ ਪੁੱਤਰ ਗੁਰਬਚਨ ਨੇ ਤੋੜਿਆ ਤੇ ਪੁੱਤਰ ਦਾ ਪੋਤਰੇ ਰਣਜੀਤ ਨੇ ਮਾਤ ਪਾਇਆ।




ਗੋਲਾ ਸੁੱਟਣ ਵਿਚ ਏਸ਼ੀਆ ਦਾ ਚੈਂਪੀਅਨ ਜੋਗਿੰਦਰ ਜੋਗੀ, ਮੇਜਰ ਵਜੋਂ ਰਿਟਾਇਰ ਹੋਇਆ ਤਾਂ ਦਿੱਲੀ ਘਰ ਬਣਾਉਣ ਲੱਗਾ। ਗੁਰਬਚਨ ਉਦੋਂ ਅਸਾਮ ਵਿਚ ਸੀ। ਅਚਾਨਕ ਅਸੀਂ ਨਹਿਰੂ ਸਟੇਡੀਅਮ ਦਿੱਲੀ ਵਿਚ ’ਕੱਠੇ ਹੋਏ। ਗੁਹਾਟੀ ਤੋਂ ਗੁਰਬਚਨ ਰੰਧਾਵਾ ਪਹੁੰਚ ਗਿਆ ਤੇ ਬੰਬਈ ਤੋਂ ਮਹਾਂਭਾਰਤ ਦਾ ਭੀਮ ਬਣਿਆ ਪਰਵੀਨ ਕੁਮਾਰ ਜੋ ਡਿਸਕਸ ਥਰੋਅ ਦਾ ਏਸ਼ੀਆ ਚੈਂਪੀਅਨ ਸੀ। ਪ੍ਰੋਗਰਾਮ ਬਣ ਗਿਆ, ਜੋਗੀ ਦੇ ਨਵੇਂ ਘਰ ਦੀ ਚੱਠ ਕੀਤੀ ਜਾਵੇ।

ਰੰਧਾਵਾ ਉਦੋਂ ਸੀਆਰਪੀਐਫ ਦਾ ਕਮਾਂਡੈਂਟ ਸੀ। ਮੈਂ ਉਹਦੇ ਨਾਲ ਜੀਪ ’ਚ ਬਹਿ ਗਿਆ ਤੇ ਜੋਗਿੰਦਰ ਜੋਗੀ ਰੋਡੇ ਜੇ ਸਕੂਟਰ ’ਤੇ ਅੱਗੇ ਚੱਲ ਪਿਆ। ਰਾਹ ’ਚ ਬੁੱਢੇ ਸਕੂਟਰ ਦਾ ਸਾਹ ਚੜ੍ਹ ਗਿਆ। ਅਸੀਂ ਬਰਾਬਰ ਆਏ ਤਾਂ ਉਹ ਪਾੜਛਾ ਲਾਹੀ ਬੈਠਾ ਸੀ। ਰੰਧਾਵੇ ਨੇ ਸੁਖਨ ਅਲਾਇਆ, “ਤੈਨੂੰ ਵੀਹ ਵਾਰ ਕਿਹਾ, ਏਸ ਮਾਮੇ ਨੂੰ ਸੁੱਟ ਪਰੇ ਕਬਾੜੀਆਂ ਦੇ। ਰੋ ਬੈਠਾ ਹੁਣ ਇਹਦੇ ਜਣਦਿਆਂ ਨੂੰ।” ਜੋਗਿੰਦਰ ਪੁਰਜ਼ੇ ਟੋਂਹਦਾ ਬੋਲਿਆ, “ਅੱਗੇ ਤਾਂ ਮੇਰਾ ਸਾਲਾ ਭੰਬੀਰੀ ਬਣਿਆ ਫਿਰਦਾ ਸੀ, ਅੱਜ ਪਤਾ ਨੀ ਥੋਡੇ ’ਚੋਂ ਕੀਹਦੀ ਨਜ਼ਰ ਲੱਗ-ਗੀ!” ਜਦੋਂ ਜੋਗਿੰਦਰ ਦੇ ਘਰ ਪੱਜੇ ਤਾਂ ਪਰਵੀਨ ਵੀ ਆ ਗਿਆ। ਛੇ ਫੁੱਟ ਸੱਤ ਇੰਚ ਉੱਚਾ ਪਰਵੀਨ, ਘਰ ਦੇ ਦਰਵਾਜ਼ਿਆਂ ਵਿਚ ਦੀ ਲੰਘਦਾ ਕਹੀ ਜਾਵੇ, “ਆਹ ਹੋਏ ਨਾ ਦਰਵਾਜ਼ੇ। ਅਸੀਂ ਵੀ ਧੌਣ ਸਿੱਧੀ ਕਰ ਕੇ ਲੰਘੀ ਜਾਨੇ ਆਂ। ਹੋਰਨੀ ਥਾਂਈਂ ਤਾਂ ਧੌਣਾਂ ਨਿਵਾ-ਨਿਵਾ ਕੇ ਈ ਕੁੱਬ ਪਾ ਲਏ ਆ।” ਕੱਦ ਜੋਗਿੰਦਰ ਦਾ ਵੀ ਛੇ ਫੱਟ ਪੰਜ ਇੰਚ ਸੀ। ਅੰਦਰ ਲੰਮੇ ਚੌੜੇ ਪਲੰਘਾਂ ਉਤੇ ਮਹਿਫ਼ਲ ਜੰਮੀ ਤਾਂ ਪੁਰਾਣੀਆਂ ਯਾਦਾਂ ਤਾਜ਼ਾ ਹੋਣ ਲੱਗੀਆਂ ਤੇ ਹਾਸੇ ਦੇ ਫੁਹਾਰੇ ਚੱਲਣ ਲੱਗੇ। ਜਦੋਂ ਗੱਲਾਂ ਰੁਮਾਂਟਿਕ ਹੋਈਆਂ ਤਾਂ ਜੋਗਿੰਦਰ ਕਹਿਣ ਲੱਗਾ, “ਓਏ ਹੌਲੀ ਬੋਲੋ, ਕਿਤੇ ਮੈਨੂੰ ਘਰੋਂ ਤਾਂ ਨੀ ਕਢਾਉਣਾ?” ਮਿਲਖਾ ਸਿੰਘ ਓਲੰਪਿਕ ਖੇਡਾਂ ਵਿਚ ਚੌਥੇ ਨੰਬਰ ’ਤੇ ਆਇਆ ਸੀ ਤੇ ਗੁਰਬਚਨ ਸਿੰਘ ਪੰਜਵੇਂ ਨੰਬਰ ’ਤੇ।

ਦੋਹੇਂ ਦੌੜਾਕ ਪੰਜਾਬ ਦਾ ਮਾਣ ਰਹੇ ਤੇ ਭਾਰਤ ਦੀ ਸ਼ਾਨ। ਜੁਗ-ਜੁਗ ਜੀਵੇ ਉੱਡਣਾ ਬਾਜ਼ ਗੁਰਬਚਨ ਰੰਧਾਵਾ ਤੇ ਜੁਗ-ਜੁਗ ਜੀਵੇ ਹੋਣਹਾਰ ਪੰਜਾਬੀ ਖੇਡ ਲੇਖਕ ਨਵਦੀਪ ਗਿੱਲ। ਦੋਹਾਂ ਨੂੰ ਲੱਖ ਲੱਖ ਮੁਬਾਰਕਾਂ!

# ਚਿਰਾਗ ਬੁਝ ਗਿਆ ਇਕ ਦੀਵਾਲੀ ਦੀ ਰਾਤੋਂ ਪਹਿਲਾਂ ...


-ਡਾ. ਸੁਖਦੇਵ ਸਿੰਘ ਝੰਡ-
(647-567-9128)

ਸੁਖਮਿੰਦਰ ਰਾਮਪੁਰੀ ਨਾਲ ਮੇਰਾ ਕੋਈ ਨਿੱਜੀ ਸਬੰਧ ਨਹੀਂ ਸੀ। ਨਾ ਸਾਡੀ ਕੋਈ ਰਿਸ਼ਤੇਦਾਰੀ ਸੀ ਤੇ ਨਾ ਹੀ ਕੋਈ ਡੂੰਘੀ ਜਾਣ-ਪਛਾਣ। ਪੰਜਾਬ ਵਿਚ ਰਹਿੰਦਿਆਂ ਅਸੀਂ ਕਦੇ ਵੀ ਇਕ ਦੂਸਰੇ ਨੂੰ ਨਹੀਂ ਮਿਲੇ ਸੀ। ਅਲਬੱਤਾ, ਏਨਾ ਜ਼ਰੂਰ ਪਤਾ ਸੀ ਕਿ ਸੁਖਮਿੰਦਰ ਰਾਮਪੁਰੀ ਨਾਂ ਦਾ ਕੋਈ ਕਵੀ ਹੈ ਜੋ ਗੀਤ ਲਿਖਦਾ ਹੈ ਅਤੇ ਤਰੰਨਮ ਵਿਚ ਗਾਉਂਦਾ ਵੀ ਹੈ ਅਤੇ ਸਰੋਤਿਆਂ ਨੂੰ ਕੀਲ ਲੈਂਦਾ ਹੈ। ਪਰ ਉਸ ਨੂੰ ਸੁਣਨ ਦਾ ਮੌਕਾ ਕਦੇ ਨਹੀਂ ਮਿਲਿਆ ਸੀ।

ਸਤੰਬਰ 2010 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਨੌਕਰੀ ਤੋਂ ਸੇਵਾ-ਮੁਕਤੀ ਤੋਂ ਬਾਅਦ ਜਦੋਂ ਨਵੰਬਰ ਮਹੀਨੇ ਮੈਂ ਪੱਕੇ ਪੈਰੀਂ ਇੱਥੇ ਬਰੈਂਪਟਨ ਆ ਗਿਆ ਤਾਂ ਅਗਲੇ ਸਾਲ 2011 ਦੇ ਜੂਨ-ਜੁਲਾਈ ਮਹੀਨਿਆਂ ਵਿਚ ਸਿਟੀ ਬੱਸਾਂ ਵਿਚ ਏਧਰ ਓਧਰ ਜਾਣ ਆਉਣ ਨਾਲ ਕੁਝ ਕੁ ਸਾਹਿਤਕ ਦੋਸਤਾਂ ਨਾਲ ਮੁਲਾਕਾਤਾਂ ਹੋਈਆਂ। ਪਹਿਲੀ ਮੁਲਾਕਾਤ ਕਵੀ ਜੋਗਿੰਦਰ ਸਿੰਘ ਅਣਖੀਲਾ ਨਾਲ 1 ਨੰਬਰ ਸਿਟੀ ਬੱਸ ਵਿਚ ਹੋਈ। ਉਦੋਂ ਤੱਕ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦਾ ਗਠਨ ਹੋ ਚੁੱਕਾ ਸੀ ਅਤੇ ਕਵੀ ਹੋਣ ਕਰਕੇ ਮੈਂ ਉਨ੍ਹਾਂ ਨੂੰ ਇਸ ਸਭਾ ਦੀਆਂ ਮਹੀਨਾਵਾਰ ਮੀਟਿੰਗਾਂ ਵਿਚ ਆਉਣ ਲਈ ਕਿਹਾ। ਉਹ ਆਪਣੇ ਨਾਲ ਅਤਿ-ਨੇੜਲੇ ਸਾਥੀ ਸੁਖਮਿੰਦਰ ਰਾਮਪੁਰੀ ਨੂੰ ਵੀ ਨਾਲ ਲੈ ਆਏ ਅਤੇ ਇਹ ਸਿਲਸਿਲਾ ਚੱਲਦਾ ਰਿਹਾ। ਇਸ ਤਰ੍ਹਾਂ ਮੇਰੀ ਜਾਣ-ਪਛਾਣ ਰਾਪੁਰੀ ਜੀ ਨਾਲ ਸਭਾ ਦੀਆਂ ਮੀਟਿੰਗਾਂ ਵਿਚ ਹੋਈ ਅਤੇ ਹੌਲੀ-ਹੌਲੀ ਇਹ ਸਾਹਿਤ- ਦੋਸਤੀ ਵਿਚ ਬਦਲ ਗਈ।

4 ਨਵੰਬਰ ਨੂੰ ਦੀਵਾਲੀ ਸੀ ਤੇ ਉਸ ਤੋਂ ਇਕ ਦਿਨ ਪਹਿਲਾਂ ਪੰਜਾਬੀ ਸਾਹਿਤ ਦਾ ਇਕ ਚਿਰਾਗ ਹਮੇਸ਼ਾ ਲਈ ਬੁਝ ਗਿਆ ਜਦੋ ਸੁਖਮਿੰਦਰ ਰਾਮਪੁਰੀ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ। 7 ਨਵੰਬਰ ਨੂੰ ਉਨ੍ਹਾਂ ਦੇ ਮਿਰਤਕ ਸਰੀਰ ਦਾ ਸਸਕਾਰ ‘ਲੋਟੱਸ ਫ਼ਿਊਨਰਲ ਹੋਮ’ ਵਿਚ ਹੋਇਆ ਅਤੇ ਉਨ੍ਹਾਂ ਨਮਿਤ ਰਖਾਏ ਗਏ ਗੁਰਬਾਣੀ ਦੇ ਅਖੰਡ ਪਾਠ ਦਾ ਭੋਗ ਗੁਰਦੁਆਰਾ ਸਿੱਖ ਸਪਿਰਿਚੂਅਲ ਸੈਂਟਰ ਵਿਖੇ ਪਾਇਆ ਗਿਆ। ਇਸ ਮੌਕੇ




ਸੁਖਮਿੰਦਰ ਰਾਮਪੁਰੀ

ਅੰਤਿਮ ਅਰਦਾਸ ਵਿਚ ਪਰਿਵਾਰ ਦੇ ਮੈਂਬਰਾਂ, ਰਿਸ਼ਤੇਦਾਰਾਂ ਅਤੇ ਜਾਣ-ਪਹਿਚਾਣ ਵਾਲਿਆਂ ਤੋਂ ਇਲਾਵਾ ਉਨ੍ਹਾਂ ਦੇ ਬਹੁਤ ਸਾਰੇ ਸਾਹਿਤਕਾਰ ਦੋਸਤ ਕਾਫ਼ੀ ਗਿਣਤੀ ਵਿਚ ਸ਼ਾਮਲ ਹੋਏ। ਰਿਸ਼ਤੇ ਵਿਚ ਸੁਖਮਿੰਦਰ ਰਾਮਪੁਰੀ ਦੇ ਭਤੀਜੇ ਦੀਪ ਰਾਮਪੁਰੀ ਅਤੇ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਰਾਮਪੁਰੀ ਜੀ ਨੂੰ ਭਾਵ-ਭਿੰਨੀ ਸ਼ਾਬਦਿਕ-ਸ਼ਰਧਾਂਜਲੀ ਦਿੱਤੀ ਗਈ।

ਅਧਿਆਪਕ ਦੀ ਨੌਕਰੀ ਦੌਰਾਨ ਸੁਖਵਿੰਦਰ ਰਾਮਪੁਰੀ ਆਪਣੇ ਪਿੰਡ ਬਣੀ ‘ਰਾਮਪੁਰ ਸਾਹਿਤ ਸਭਾ’ (ਲੁਧਿਆਣਾ) ਵਿਚ ਉਹ ਸੁਰਜੀਤ ਰਾਮਪੁਰੀ, ਗੁਰ-ਚਰਨ ਰਾਮਪੁਰੀ, ਸੁਰਿੰਦਰ ਰਾਮਪੁਰੀ ਵਰਗੇ ਨਾਮੀ ਕਵੀਆਂ ਦੇ ਨਾਲ ਲੰਮੇਂ ਸਮੇਂ ਤੱਕ ਜੁੜੇ ਰਹੇ। ਉਹ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਵੀ ਸਰਗ਼ਰਮ ਮੈਂਬਰ ਸਨ। ਸਕੂਲ ਅਧਿਆਕ ਵਜੋਂ ਸੇਵਾ-ਮੁਕਤੀ ਤੋਂ ਬਾਅਦ ਉਹ ਬਰੈਂਪਟਨ ਆ ਗਏ ਅਤੇ ਇੱਥੋਂ ਦੀਆਂ ਸਾਹਿਤ ਸਭਾਵਾਂ ਵਿਚ ਆਪਣੀ ਹਾਜ਼ਰੀ ਲਵਾਉਣ ਲੱਗ ਪਏ। ਉਹ ‘ਕਲਮਾਂ ਦਾ ਕਾਫ਼ਲਾ’ ਅਤੇ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀਆਂ ਮਹੀਨਾਵਾਰ ਮੀਟਿੰਗਾਂ ਵਿਚ ਅਕਸਰ ਸ਼ਿਰਕਤ ਕਰਦੇ ਸਨ ਤੇ ਆਪਣੇ ਭਾਵਪੂਰਤ ਗੀਤਾਂ ਨਾਲ ਇਸ ਦੇ ਕਵੀ-ਦਰਬਾਰਾਂ ਵਿਚ ਭਰਪੂਰ ਯੋਗਦਾਨ ਪਾਉਂਦੇ ਸਨ। ਪ੍ਰਮਾਤਮਾ ਵਜੋਂ ਬਖ਼ਸ਼ੀ ਗਈ ਸੁਰੀਲੀ ਆਵਾਜ਼ ਨਾਲ ਆਪਣੇ ਗੀਤਾਂ ਨੂੰ ਤਰੰਨਮ ਵਿਚ ਗਾ ਕੇ ਉਹ ਸਰੋਤਿਆਂ ਨੂੰ ਮੰਤਰ-ਮੁਘਦ ਕਰ ਲੈਂਦੇ ਸਨ। ਕਰੋਨਾ-ਕਾਲ ਦੇ ਦੌਰਾਨ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਵੱਲੋਂ ਨਿੱਜੀ-ਮੀਟਿੰਗਾਂ ਬਰਖ਼ਾਸਤ ਕਰਨ ‘ਤੇ ਉਹ ਕਈ ਵਾਰ ਇਸ ਦੀਆਂ ਜ਼ੂਮ-ਮੀਟਿੰਗਾਂ ਵਿਚ ਸ਼ਾਮਲ ਹੁੰਦੇ ਰਹੇ ਅਤੇ ਆਪਣੇ ਗੀਤਾਂ ਨਾਲ ਹਾਜ਼ਰੀਨ ਨੂੰ ਸਰਸ਼ਾਰ ਕਰਦੇ ਰਹੇ।

ਇਸ ਤੋਂ ਪਹਿਲਾਂ ਵਿਅੱਕਤੀਗ਼ਤ ਮੀਟਿੰਗਾਂ ਵਿਚ ਉਹ ਆਮ ਤੌਰ ‘ਤੇ ਆਪਣੇ ਅਤਿ-ਨੇੜਲੇ ਸਾਥੀ ਕਵੀ ਜੋਗਿੰਦਰ ਸਿੰਘ ਅਣਖੀਲਾ ਨਾਲ ਹਾਜ਼ਰ ਹੁੰਦੇ ਸਨ। ਸਭਾ ਦੇ ਮੈਂਬਰਾਂ ਵੱਲੋਂ ਉਨ੍ਹਾਂ ਨੂੰ "ਹੰਸਾਂ ਦੀ ਜੋੜੀ" ਵਜੋਂ ਜਾਣਿਆਂ ਜਾਂਦਾ ਸੀ। ਇਸ ਜੋੜੀ ਵਿੱਚੋਂ ਹੁਣ ਇਕ ਹੰਸ ਉਡਾਰੀ ਮਾਰ ਗਿਆ ਹੈ ਅਤੇ ਦੂਸਰਾ ਹੰਸ ਆਪਣੇ ਸਾਥੀ ਨੂੰ ਕਾਵਿਕ ਅੰਦਾਜ਼ ਵਿਚ ਬੜੀ ਸ਼ਿੱਦਤ ਨਾਲ ਯਾਦ ਕਰ ਰਿਹਾ ਹੈ।

ਇਕ ਹਾਦਸਾ ਹੈ ਜਿਸ ਨੂੰ, ਦਿਲ ਨੇ ਭੁਲਾਇਆ ਹੀ ਨਹੀਂ,
ਮੂੰਹ ਫੇਰ ਲਿਆ ਵੇਖ ਕੇ, ਉਸ ਨੇ ਬੁਲ-ਾਇਆ ਹੀ ਨਹੀ।

*ਨਾ ਉਹ ਰੁਕਿਆ ਤੇ ਨਾ ਹੀ ਮੈਂ ਉਸ ਨੂੰ ਰੋਕ ਪਾਇਆ,*
*ਜਾਣ ਵਾਲੇ ਦੇ ਦਿਲ ਨੂੰ ਸ਼ਾਇਦ ਇਹ ਭਾਇਆ ਹੀ ਨਹੀਂ।*
*ਅਤੇ*
*ਇਕ ਬਾਂਵਰਾ ਮੁਸਾਫ਼ਿਰ, ਹੈ ਛੋੜ ਕੇ ਚਲਾ ਗਿਆ,*
*ਏਥੇ ਕੌਣ ਹੈ ਕਿਸੇ ਦਾ, ਸੱਭ ਸੋਚ ਕੇ ਇਹ ਰੋਏ।*
*ਮਿਲਣਾ ਨਹੀਂ ਏ ਉਸਨੇ, ਜੇ ਮਿਲੇ ਤਾਂ ਉਸ ਨੂੰ ਕਹਿਣਾ,*
*ਰਹਿ ਗਿਐ 'ਅਣਖੀਲਾ' 'ਕੱਲ੍ਹਾ, ਕਿਸ ਕੋਲ ਬਹਿ ਕੇ ਰੋਏ।*

ਸੁਖਮਿੰਦਰ ਰਾਮਪੁਰੀ ਇਸ ਸੰਸਾਰ ਦੇ ਅਧੂਰੇਪਨ ਦੀ ਹਕੀਕਤ ਨੂੰ ਬਾਖ਼ੂਬੀ ਸਮਝਦੇ ਹਨ। ਉਹ ਭਲੀ-ਭਾਂਤ ਜਾਣਦੇ ਸਨ ਕਿ ਇੱਥੇ ਕੁਝ ਵੀ ਪੂਰਾ ਨਹੀਂ ਹੈ। ਆਪਣੇ ਗੀਤਾਂ ਨੂੰ ਵੀ ਉਹ ਅਧੂਰਾ ਸਮਝਦੇ ਸਨ ਅਤੇ ਇਕ ਪੂਰੇ ਗੀਤ ਦੀ ਤਲਾਸ਼ ਵਿਚ ਸਨ:

*ਮੈਂ ਮੰਨਦਾਂ ਕਿ ਇਹ ਵੀ ਸੱਚ ਹੈ,*
*ਹਰ ਯੁੱਗ ਦਾ ਹਰ ਗੀਤ ਅਧੂਰਾ,*
*ਹਰ ਯੁੱਗ ਦਾ ਸੰਗੀਤ ਅਧੂਰਾ,*
*ਹਰ ਯੁੱਗ ਦਾ ਹਰ ਮੀਤ ਅਧੂਰਾ,*
*ਮੇਰੇ ਦਰਦ ਦਾ ਸਫ਼ਰ ਅਧੂਰਾ,*
*ਮੈਨੂੰ ਇਕ ਹੀ ਗੀਤ ਬਥੇਰਾ।*
*ਮੈਨੂੰ ਇਕ ਹੀ ਗੀਤ ਬਥੇਰਾ।*

ਹੋਰ ਪਤਾ ਨਹੀਂ ਕੀ-ਕੀ ਉਨ੍ਹਾਂ ਦੇ ਮਨ ਵਿਚ ਸੀ। ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਬੀਮਾਰੀ ਨਾਲ ਜੂਝਣ ਤੋਂ ਪਹਿਲਾਂ ਉਹ ਇਕ ਹੋਰ ਨਾਵਲ ਦੇ ਖੜਤੇ ਨੂੰ ਉਹ ਅੰਤਿਮ ਛੋਹਾਂ ਦੇ ਰਹੇ ਸਨ। ਮੇਰਾ ਖ਼ਿਆਲ ਹੈ ਕਿ ਇਸ ਸੰਸਾਰ ਤੋਂ ਜਾਣ ਤੋਂ ਪਹਿਲਾਂ ਉਪਰੋਕਤ ਵਰਗੇ ਕਈ ਗੀਤਾਂ ਦੇ ਮੁਖੜੇ ਕਈ ਉਨ੍ਹਾਂ ਦੇ ਜ਼ਹਿਨ ਵਿਚ ਚੱਲ ਰਹੇ ਹੋਣਗੇ।

*ਪਰ,*
*ਚਿਰਾਗ ਬੁਝ ਗਿਆ ਇਕ, ਦੀਵਾਲੀ ਦੀ ਰਾਤੋਂ ਪਹਿਲਾਂ।*
*ਕੀ-ਕੀ ਛੱਡ ਗਿਆ ਅਣਕਿਹਾ,*
*ਦੀਵਾਲੀ ਦੀ ਰਾਤੋਂ ਪਹਿਲਾਂ।*

ਸੁਖਮਿੰਦਰ ਰਾਮਪੁਰੀ ਅਗਾਂਹ-ਵਧੂ ਕਵੀ ਅਤੇ ਸੁਰੀਲੇ ਗੀਤਕਾਰ ਹੋਣ ਦੇ ਨਾਲ਼ ਨਾਲ ਬਹੁਤ ਹੀ ਵਧੀਆ ਇਨਸਾਨ ਸਨ। ਉਹ ਅਤੀ ਮਿੱਠ-ਬੋਲੜੇ ਸਨ ਅਤੇ ਉਨ੍ਹਾਂ ਦੇ ਚਿਹਰੇ ਉੱਪਰ ਹਮੇਸ਼ਾ ਮੁਸਕਰਾਹਟ ਰਹਿੰਦੀ ਸੀ। ਗੀਤਕਾਰੀ ਵਿਚ ਉਨ੍ਹਾਂ ਦਾ ਕੋਈ ਜੁਆਬ ਨਹੀਂ ਸੀ ਅਤੇ ਆਪਣੇ ਗੀਤਾਂ ਨੂੰ ਉਹ ਸੁਰੀਲੀ ਆਵਾਜ਼ ਵਿਚ ਜ਼ਬਾਨੀ ਬੋਲ ਕੇ ਬਹੁਤ ਹੀ ਵਧੀਆ ਤਰੀਕੇ ਨਾਲ ਪੇਸ਼ ਕਰਦੇ ਸਨ। ਉਹ ਇਕ ਪ੍ਰੌੜ੍ਹ ਕਵੀ ਅਤੇ ਗੀਤਕਾਰ ਹੋਣ ਦੇ ਨਾਲ਼ ਨਾਲ ਨਾਵਲਕਾਰ, ਵਾਰਤਕ-ਲੇਖਕ ਅਤੇ ਸੰਪਾਦਕ ਵੀ ਸਨ। ਉਨ੍ਹਾਂ ਅੱਧੀ ਦਰਜਨ ਤੋਂ ਵਧੀਕ ਕਾਵਿ-ਪੁਸਤਕਾਂ 'ਯੁਗਾਂ ਯੁਗਾਂ ਦੀ ਪੀੜ', 'ਅਸੀਮਤ ਸਫ਼ਰ','ਮਿਹਰਬਾਨ ਹੱਥ','ਮੈਂ ਨਿਰੀ ਪੱਤਝੜ ਨਹੀਂ', 'ਧੀਆਂ','ਅੱਜ ਤੀਕ','ਇਹ ਸਫ਼ਰ ਜਾਰੀ ਰਹੇ','ਸਫ਼ਰ ਸਾਡੀ ਬੰਦਗੀ','ਤੁਹਾਨੂੰ ਕਿਵੇਂ ਲੱਗਦੀ ਹੈ' ਰਚਣ ਦੇ ਨਾਲ਼ ਨਾਲ ਨਾਵਲ 'ਗੁਲਾਬੀ ਛਾਂ ਵਾਲੀ ਕੁੜੀ' ਲਿਖਿਆ ਅਤੇ ਪੁਸਤਕਾਂ 'ਕੂੜ ਨਿਖੁੱਟੇ','ਕਿਰਨਾਂ ਦੇ ਰੰਗ','ਕਤਰਾ ਕਤਰਾ ਸੋਚ ਅਤੇ 'ਨਿੱਕੇ ਨਿੱਕੇ ਫੁੱਲ ਨਿੱਕੀ ਵਾਸ਼ਨਾ' ਸੰਪਾਦਿਤ ਵੀ ਕੀਤੀਆਂ।

ਉਹ ਇਕ ਸੁਯੋਗ ਅਧਿਆਪਕ ਸਨ ਅਤੇ ਉਨ੍ਹਾਂ ਦੇ ਵਿਦਿਆਰਥੀਆਂ ਘੇਰਾ ਬੜਾ ਵਿਸ਼ਾਲ ਹੈ। ਹਜ਼ਾਰਾਂ ਨਹੀਂ, ਸਗੋਂ ਲੱਖਾਂ ਦੀ ਗਿਣਤੀ ਵਿਚ ਉਹ ਉਨ੍ਹਾਂ ਨੂੰ ਯਾਦ ਕਰ ਰਹੇ ਹਨ। ਉਹ ਪ੍ਰਗਤੀਸ਼ੀਲ ਵਿਚਾਰਾਂ ਦੇ ਧਾਰਨੀ ਸਨ ਅਤੇ ਇਕ ਵਧੀਆ ਕਵੀ ਤੇ ਪ੍ਰਬੰਧਕ ਹੋਣ ਦੇ ਨਾਤੇ 'ਰਾਮਪੁਰ ਸਾਹਿਤ ਸਭਾ' ਨੂੰ ਬੁਲੰਦੀਆਂ ਵੱਲ ਲਿਜਾਣ ਵਿਚ ਉਨ੍ਹਾਂ ਨੇ ਵੱਡਮੁੱਲਾ ਯੋਗਦਾਨ ਪਾਇਆ। ਉਹ ਦੱਸਦੇ ਹੁੰਦੇ ਸਨ ਕਿ ਉਨ੍ਹਾਂ ਨੇ ਇਸ ਸਭਾ ਦੀਆਂ ਖੁੱਲ੍ਹੇ ਮੈਦਾਨਾਂ ਵਿਚ ਹੋਈਆਂ ਵੱਡੀਆਂ ਮੀਟਿੰਗਾਂ ਵਿਚ ਉਹ ਉੱਡਦੀ ਮਿੱਟੀ ਉੱਪਰ ਪਾਣੀ ਤਰੌਂਕਣ, ਦਰੀਆਂ ਵਿਛਾਉਣ ਤੇ ‘ਕੱਠੀਆਂ ਕਰਨ, ਪਾਣੀ ਪਿਲਾਉਣ, ਮਾਈਕ ਫਿੱਟ ਕਰਨ ਅਤੇ ਸਟੇਜ-ਸਕੱਤਰ ਵਜੋਂ ਸਭਾ ਦੀ ਕਾਰਵਾਈ ਚਲਾਉਣ ਤੱਕ ਉਨ੍ਹਾਂ ਸਾਰੀਆਂ ਹੀ ਡਿਊਟੀਆਂ ਨਿਭਾਈਆਂ। ਆਪਣੇ ਸਮਰੱਥ ਗੀਤਾਂ ਸਦਕਾ ਉਨ੍ਹਾਂ 19 ਵਾਰ ਕੌਮੀ ਕਵੀ-ਦਰਬਾਰਾਂ ਵਿਚ ਵੱਡਮੁੱਲੀ ਹਾਜ਼ਰੀ ਲਵਾਈ। ਇਸ ਦੇ ਨਾਲ ਹੀ ਉਹ ਵਿਦਿਆਰਥੀ ਜੀਵਨ ਵਿਚ ਆਪਣੇ ਸਮੇਂ ਦੇ ਉੱਘੇ ਖਿਡਾਰੀ ਵੀ ਰਹੇ।

ਇਸ ਦੁਨੀਆਂ ਤੋਂ ਰੁਖ਼ਸਤ ਹੋਣ ਸਮੇਂ ਉਨ੍ਹਾਂ ਦੀ ਉਮਰ ਲੱਗਭੱਗ 85 ਸਾਲ ਸੀ। ਇਸ ਸੰਸਾਰ ਤੋਂ ਜਾਣਾ ਤਾਂ ਹਰੇਕ ਨੇ ਹੀ ਹੈ ਪਰ ਕਈ ਸਖ਼ਸ਼ ਆਪਣੇ ਪਿੱਛੇ ਕਾਫ਼ੀ ‘ਖ਼ਲਾਅ’ ਛੱਡ ਜਾਂਦੇ ਹਨ ਜਿਸ ਨੂੰ ਭਰਨਾ ਬੜਾ ਮੁਸ਼ਕਲ ਹੁੰਦਾ ਹੈ। ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ ਸੁਖਮਿੰਦਰ ਰਾਮਪੁਰੀ ਵੀ ਉਨ੍ਹਾਂ ਇਨਸਾਨਾਂ ਵਿੱਚੋਂ ਇਕ ਸਨ। ਉਨ੍ਹਾਂ ਦੇ ਸਦੀਵੀ ਵਿਛੋੜੇ ਨਾਲ ਪੰਜਾਬੀ ਸਾਹਿਤ ਜਗਤ ਨੂੰ ਬਹੁਤ ਵੱਡਾ ਘਾਟਾ ਪਿਆ ਹੈ ਜੋ ਕਦੇ ਪੂਰਾ ਨਹੀਂ ਹੋ ਸਕਦਾ।

# ਜ਼ਿਮਨੀ ਚੋਣਾਂ ਦੇ ਨਤੀਜੇ ਭਾਜਪਾ ਲਈ ਵਰਦਾਨ ਸਾਬਤ ਹੋਣਗੇ

-ਦਲੀਪ ਸਿੰਘ ਵਾਸਨ, ਐਡਵੋਕੇਟ-

ਸਾਡੇ ਮੁਲਕ ਵਿੱਚ ਸਾਡੀ ਸਰਕਾਰ ਨੇ ਕੁਝ ਖਾਲੀ ਸੀਟਾਂ ਭਰਨ ਲਈ ਜ਼ਿਮਨੀ ਚੋਣਾਂ ਕਰਵਾਕੇ ਦੇਖੀਅ ਹਨ ਤਾਂਕਿ ਪਤਾ ਲਗ ਸਕੇ ਵਰਤਮਾਨ ਹਾਕਮ ਪਾਰਟੀ ਇਸ ਵਕਤ ਲੋਕਾਂ ਦੇ ਦਿਲਾਂ ਵਿੱਚ ਕੈਸਾ ਅਸਥਾਨ ਬਣਾ ਬੈਠੀ ਹੈ। ਅਤੇ ਅਜ ਹਰ ਕੋਈ ਹੈਰਾਨ ਵੀ ਹੈ ਕਿ ਇਹ ਜ਼ਿਮਨੀ ਚੋਣਾ ਨੇ ਇਹ ਦਰਸਾ ਦਿਤਾ ਹੈ ਕਿ ਇਹ ਅੱਜ ਵਾਲੀ ਹਾਕਮ ਰਾਜਸੀ ਪਾਰਟੀ ਆਪਣਾ ਪਿਆਰ, ਸਤਿਕਾਰ ਅਤੇ ਬਣਾਇਆ ਪਿਆਰਾ ਅਸਥਾਨ ਗਵਾ ਬੈਠੀ ਹੈ। ਇਸਦਾ ਮਤਲਬ ਇਹ ਨਹੀਂ ਨਿਕਲਦਾ ਹੈ ਕਿ ਇਹ ਪਾਰਟੀ ਹੁਣ ਆਪਣਾ ਬਣ ਆਇਆ ਅਸਥਾਨ ਹੀ ਗਵਾ ਬੈਠੀ ਹੋਵੇ। ਇਸ ਮੁਲਕ ਦੇ ਲੋਕਾਂ ਪਾਸ ਜਲਦੀ ਕੀਤਿਆ ਕੋਈ ਬਦਲ ਹੀ ਨਹੀਂ ਹੁੰਦਾ ਅਤੇ ਇਹ ਵੀ ਸਾਫ ਹੈ ਕਿ ਕੁਝ ਹੀ ਹਸਤੀਆਂ ਹਨ ਜਿਹੈੜੀਆਂ ਮੈਦਾਨ ਵਿੱਚ ਪ੍ਰਧਾਨ ਮੰਤਰੀ ਬਣਨ ਲਈ ਖਲੌਤੀਆਂ ਹੁੰਦੀਆ ਹਨ ਅਤੇ ਲੋਕਾਂ ਨੇ ਵੀ ਬਸ ਇੰਨ੍ਹਾਂਹੀ ਹਸਤੀਆਂ ਨੂੰ ਸਾਹਮਣੇ ਰਖਕੇ ਆਪਣਾ ਪ੍ਰਧਾਨ ਮੰਤਰੀ ਚੁਣਨਾ ਹੁੰਦਾ ਹੈ। ਅਸੀਂ ਇਹ ਆਖੀਏ ਕਿ ਸਾਡੇ ਮੁਲਕ ਵਿੱਚ ਅਚਾਨਕ ਹੀ ਕੋਈ ਨਵਾਂ ਆਦਮੀ ਆਕਾਸ਼ਾਂ ਤੋਂ ਉਤਰ ਆਵੇਗਾ, ਐਸਾ ਵੀ ਸੰਭਵ ਨਹੀਂ ਹੈ। ਅਤੇ ਅਜ ਵਾਲੀ ਸਰਕਾਰ ਅਤੇ ਆਉਣ ਵਾਲੀਆਂ ਸਰਕਾਰਾਂ ਲਈ ਰਾਜਸੀ ਪਾਰਟੀਆਂ ਅਤੇ ਵਿਅਕਤੀਵਿਸੈਸ਼ਾਂ ਦੇ ਧੜੇ ਸਾਡੇ ਸਾਹਮਣੇ ਹਨ ਅਤੇ ਅਸੀਂ ਭਾਰਤੀ ਸਾਹਮਣੇ ਖਲੌਤੀਆਂ ਪਾਰਟੀਆਂ ਅਤੇ ਵਿਅਕਤੀਵਿਸੜ੍ਹਾਂ ਨੂੰ ਚੰਗੀ ਤਰ੍ਹਾਂ ਪਛਾਣ ਵੀ ਰਖਦੇ ਹਾਂ। ਇਸ ਵਕਤ ਜਿਤਨੇ ਵੀ ਸੰਭਾਵੀ ਪ੍ਰਧਾਨ ਮੰਤਰੀ ਬਣਨ ਵਾਲਿਆਂ ਦੀ ਸੂਚੀ ਸਾਡੇ ਸਾਹਮਣੇ ਸਾਫ ਕਰ ਦਿਤੀ ਗਈ ਹੈ।

ਅਸਾਂ ਇਹ ਵੀ ਦੇਖਿਆ ਹੈ ਕਿ ਇੱਕ ਨਹਿਰੂ ਖ਼ਾਨਦਾਨ ਹੀ ਸੀ ਜਿਹੜਾ ਕਈ ਦਹਾਕੇ ਰਾਜ ਕਰ ਗਿਆ ਹੈ। ਹੁਣ ਤਾਂ ਅਸੀਂ ਦੇਖ ਰਹੇ ਹਾਂ ਕਿ ਕੋਈ ਵੀ ਆਦਮੀ ਦੁਬਾਰਾ ਪ੍ਰਧਾਨ ਮੰਤਰੀ ਬਣ ਜਾਵੇ ਇਹ ਵੀ ਬਸ ਕਿਸਮਤ ਦੀ ਹੀ ਗਲ ਹੈ। ਅਰਥਾਤ ਸਾਡੇ ਮੁਲਕ ਦੀਆਂ ਇਹ ਰਾਜਸੀ ਲੋਕਾਂ ਦੀ ਇਹ ਬਣਦੀਆ ਸਰਕਾਰਾਂ ਬਸ ਹਰ ਵਾਰੀਂ ਇਕ ਹਾਦਸਾ ਜਿਹਾ ਹੀ ਹੁੰਦਾ ਹੈ। ਅਰਥਾਤ ਲੋਕਾਂ ਦੀਆਂ ਹਰਮਨਪਿਵਆਰੀਆਂ ਇਹ ਸਰਕਾਰਾਂ ਨਹੀਂ ਹਨ ਅਤੇ ਮਸਾ ਮਸਾਂ ਇਹ ਭਾਰਤੀ ਕਿਸੇ ਵੀ ਪ੍ਰਧਾਨ ਮੰਤਰੀ ਅਧੀਨ ਪੰਜ ਸਾਲ ਕਟਦੇ ਹਨ ਅਤੇ ਇਮਤਨੇ ਤੰਗ ਆ ਜਾਂਦੇ ਹਨ ਕਿ ਰਬ ਅਗੇ ਇਹੀ ਪ੍ਰਾਰਥਨਾ ਕਰਨ ਲਗ ਪ੍ਰੈਂਦੇ ਹਨ ਕਿ ਕਦ ਸਮਾ ਆਵੇ ਤੇ ਲੋਕੀਂ ਵੋਟਾਂ ਨਾਲ ਹੀ ਹੋਰ ਕੋਣ. ਬਦਲੇ ਚਾਹੇ ਨਾ ਬਦਲੇ ਪ੍ਰਧਾਨ ਮੰਤਰੀ ਜ਼ਰੂਰਬਦਲ ਜਾਵੇ।


ਜਦ ਕਦੀ ਕੋਈ ਰਾਜ ਕਰਦੀ ਪਾਰਟੀ ਹਾਰ ਜਾਂਦੀ ਹੈਤਾਂਅਖਬਾਰਾਂ ਵੀ ਚਰਚਾ ਕਰਦੀਆਂ ਹਨ, ਲੋਕ ਵੀਬੋਲਦੇ ਹਨ, ਸੰਪਾਦਕੀਆਂ ਵੀ ਲਿਖੀਆਂ ਜਾਂਦੀਆਂ ਹਨ ਅਤੇ ਬਹੁਤ ਸਾਰੇ ਵਿਦਵਾਨ ਆਪਣਾ ਆਪਣਾ ਦ੍ਰਿਸ਼ੀਕੋਣ ਵੀ ਪੇਸ਼ ਕਰਦੇ ਹਨ ਅਤੇਰਾਜ ਕਰਦੀ ਪਾਰਟੀ ਆਪ ਵੀ ਵਿਚਾਰ ਕਰਨ ਬੈਠਦੀ ਹੈ। ਇਹ ਵਾਲਾ ਪਰਜਾਤੰਤਰ ਕੈਸਾ ਵੀ ਹੈ, ਇਹ ਵਾਲਾ ਰਾਜ ਵੀ ਜੈਸਾ ਹੈ, ਰਾਜਸੀ ਲੋਕਾਂ ਨੂੰ ਬਹੁਤ ਹੀ ਪਿਆਰਾ ਲਗਦਦਾ ਹੈ ਅਤੇ ਅਸੀਂ ਇਹ ਵੀ ਦੇਖ ਰਹੇ ਹਾਂ ਕਿ ਸਾਡੇ ਮੁਲਕ ਵਿੱਚ ਕੁਝ ਵਿਅਕਤੀਵਿਸ਼ੇਸ਼ ਤਾਂ ਸਿਰਫ ਮੁਲਕ ਦਾ ਪ੍ਰਧਾਨ ਮੰਤਰੀ ਹੀ ਬਣਨ ਲਈ ਪੈਦਾ ਹੋਏ ਹਨ ਅਤੇ ਜਦ ਤਕ ਉਹ ਪ੍ਰਧਾਨ ਮੰਤਰੀ ਬਣ ਨਹੀਂ ਜਾਂਦੇ ਰਾਜਸੀ ਪਿੜ ਵਿੱਚ ਡਟੇ ਹੀ ਰਹਿੰਦੇ ਹਨ। ਇਸੇ ਬਹਾਨੇ ਮੁਲਕ ਦੇ ਇਤਿਹਾਸ ਵਿੱਚ ਨਾਮ ਵੀ ਲਿਖਿਆ ਜਾਂਦਾ ਹੈ। ਅਤੇ ਅਸੀਂ ਅਜ ਵੀ ਕੁਝ ਲੋਕਾਂ ਦਾ ਨਾਮ ਲੈ ਸਕਦੇ ਹਾਂ ਅਤੇ ਬਾਕੀ ਦੀ ਇਹ ਰਾਜਸੀ ਲੋਕਾਂ ਦੀ ਭੀੜ ਤਾਂ ਬਸ ਸਪੋਰਟਰਾਂ ਦੀ ਹੈ ਅਤੇ ਇਹ ਵਿਚਾਰੇ ਤਾਂ ਅਗਰ ਕਿਸਮਤ ਨਾਲ ਮੰਤਰੀ ਹੀ ਬਣ ਜਾਣ ਤਾਂ ਵੀ ਖੁਸ਼ ਹਨ।

ਭਾਜਪਾ ਜ਼ਿਮਨੀ ਚੋਣਾਂ ਹਾਰ ਗਈ ਹੈ। ਇਹ ਇਕ ਸਚਾਈ ਹੈ ਅਤੇ ਭਾਜਪਾ ਦਾ ਕੋਈ ਮੈਂਬਰ ਬੋਲਦਾ ਹੈ ਜਾਂ ਨਹੀਂ ਵੀ ਬੋਲ ਰਿਹਾ, ਸਾਰੇ ਹੀ ਜਾਣਦੇ ਹਨ ਕਿ ਅਸਲ ਗਲਤੀ ਕਿਥੇ ਹੋ ਗਈ ਹੈ। ਉਹ ਬੰਦਾ ਵੀ ਜਾਣਦਾ ਹੈ ਦਿਜਸਨੇ ਗਲਤੀ ਕੀਤੀ ਹੈ। ਇਸ ਲਈ ਅੰਦਰਖਾਤੇ ਗਲਾਂ ਤੁਰ ਵੀ ਪਈਆਂ ਹਨ ਕਿ ਕੀਤਾ ਕੀ ਜਾਵੇ। ਅਤੇ ਇਹ ਰਾਜਸੀ ਲੋਕੀਂ ਸਿਆਣੇ ਬਹੁਤ ਹਨ ਅਤੇ ਹਾਲਾਂ ਦੋ ਢਾਈ ਸਾਲਾਂ ਦਾ ਵਕਤ ਅਗਲੀਆਂ ਚੋਣਾਂ ਲਈ ਪਿਲਆ ਹੈ ਅਤੇ ਇਹ ਹੋ ਆਈਆਂ ਗਲਤ਼ੀਆਂ ਠੀਕ ਕਿਵੇਂ ਕੀਤੀਆਂ ਜਾਣ ਇਸ ਪਾਸੇ ਵੀ ਧਿਆਨ ਦਿੱਤਾ ਜਾਵੇਗਾ ਅਤੇ ਸਰਕਾਰੀ ਦੀ ਬਦਨਾਮੀ ਹੋਣ ਤੋਂ ਬਚਦਿਆਂ ਕੋਈ ਢੰਗ ਤਰੀਕਾ ਲਭ ਲਿਆ ਜਾਵੇਗਾ।

ਇਸ ਵਕਤ ਭਾਜਪਾ ਦੇ ਮੁਕਾਬਲੇ ਵਿੱਚ ਕੋਈ ਵੀ ਪਾਰਟੀ ਪੂਰੀ ਤਰ੍ਹਾਂ ਤਿਆਰ ਨਹੀਂ ਹੈ। ਅੱਜ ਸਭਤੋਂ ਵਡੀ ਸਮਸਿਆ ਗੁਰਬਤ ਵਾਲਈ ਹੈ ਅਤੇ ਇਹ ਵਾਲੀ ਗੁਰਬਤ ਕਾਇਮ ਕਰਨ ਵਿੱਚ ਸਿਰਫ ਅਤੇ ਸਿਰਫ ਭਾਜਪਾ ਹੀ ਜ਼ਿਮੇਵਾਰ ਨਹੀਂ ਹੈ। ਭਾਜਪਾ ਵਾਲਿਆਂ ਨੇ ਤਾਂ ਗਰੀਬਾਂ ਲਈ ਕੁਝ ਨਾ ਕੁਝ ਕਰਕੇ ਦਿਖਾ ਵੀ ਦਿਤਾ ਹੈਅਤੇ ਕੁਝ ਕੰਮ ਜਿਸ ਕਰਕੇ ਇਹ ਭਾਜਪਾ ਵਾਲੇ ਗਰੀਬਾਂ ਵਿੱਚ ਆਪਣੀ ਸਾਖ ਮੁੜ ਬਣਾ ਵੀ ਲੈਣਗੇ ਅਤੇ ਗਰੀਬਾਂ ਦੀਆਂ ਵੋਟਾਂ ਅਗਲੀ ਵਾਰੀ ਫਿਰ ਲੈ ਵੀ ਲੈਣਗੇ। ਇਸ ਮੁਲਕ ਵਿੱਚ ਖਬੀਆਂ ਪਾਰਟੀਆਂ ਸਨ ਅਤੇ ਅਜ ਕਈ ਟੁਕੜਿਆਂ ਵਿੱਚ ਮੌਜੂਦ ਵੀ ਹਨ। ਪਰ ਹਾਲਾਂ ਤਕ ਉਹ ਗਰੀਬਾਂ ਲਈ ਬਸ ਰਹਿਮ ਦੀ ਗਲ ਹੀ ਕਰੀ ਜਾ ਰਹੇ ਹਨ। ਹਾਲਾਂ ਤਕ ਖਬੀਆਂ ਪਾਰਟੀਆਂ ਨੇ ਕੋਈ ਢੰਗ ਤਰੀਕਾ ਲੋਕਾਂ ਸਾਹਮਣੇ ਨਹੀਂ ਕੀਤਾ ਹੈ ਜਿਸ ਨਾਲ ਇਹ ਗੁਰਬਤ ਤੁਰੰਤ ਖਤਮ ਕੀਤੀ ਜਾ ਸਕੇ। ਲੋਕਾਂ ਪਾਸੋਂ ਅਮੀਰੀ ਖੋਹਕੇ ਦੂਜਿਆਂ ਤਕ ਵੰਡਣ ਵਾਲੀਆਂ ਗਲਾਂ ਅਜ ਪੁਰਾਣੀਆਂ ਹੋਗਈਆਂ ਹਨ ਅਤੇ ਕੁਝ ਦੇਸ਼ਾਂ ਨੇ ਇਸ ਯੁਗ ਵਿੱਚ ਵੀ ਗਰੀਬਾਂ ਨੂੰ ਆਮ ਜਿਹਾ ਜੀਵਨ ਦੇਣ ਵਿੱਚ ਸਫਲਤਾ ਬਣਾ ਲਈ ਹੈ। ਅਜ ਸਾਡਾ ਮੁਲਕ ਵੀ ਤਰਕੀ ਕਰ ਬੈਠਾ ਹੈ ਅਤੇ ਅਜ ਸਾਡੇ ਪਾਸ ਹਰ ਸ਼ੈਅ ਮੌਜੂਦ ਹੈ ਜਿਹੜੀ ਅਗਰ ਲੋੜ ਮੁਤਾਬਿਕ ਹਰ ਘਰ ਤਕ ਪੁਜਦੀ ਕਰ ਦਿਤੀ ਜਾਵੇ ਤਾਂ ਇਥੇ ਵੀ ਹਰ ਆਦਮੀ ਨੂੰ ਵਾਜਬ ਜਿਹਾ ਜੀਵਨ ਦਿਤਾ ਜਾ ਸਕਦਾ ਹੈ। ਸਾਡੀਆਂ ਸਦਨਾ ਵਿੱਚ ਇਹ ਖਬੀਲਿਆਂ ਪਾਰਟੀਆਂ ਹਰ ਵਾਰੀਂ ਹਾਜ਼ਰ ਰਹੀਆਂ ਹਨ, ਪਰ ਹਾਲਾਂ ਤਕ ਇਹ ਕੋਈ ਵੀ ਸਕੀਮ, ਕੋਈ ਵੀ ਸਿਧਾਂਤ, ਕੋਈ ਵੀ ਤਰੀਕਾ ਲੈਕੇ ਸਾਦਨ ਵਿੱਚ ਪੇਸ਼ ਨਹੀਂ ਕਰ ਸਕੀਆਂ ਹਨ ਅਤੇ ਇਸ ਲਈ ਲੋਕਾਂ ਦਾ ਇੰਨ੍ਹਾਂ ਖਬੀਆਂ ਪਾਰਟੀਆਂ ਉਤੇ ਵੀ ਵਿਸ਼ਵਾਸ ਖਤਮ ਜਿਹਾ ਹੋ ਗਿਆ ਲਗਦਾ ਹੈ।

ਇਹ ਭਾਜਪਾ ਵਾਲੇ ਹਾਲਾਂ ਮੈਦਾਨ ਵਿੱਚ ਹਨ ਅਤੇਹਾਲਾਂ ਇੰਨ੍ਹਾਂ ਪਾਸ ਸਵੈਸੁਧਾਈ ਦਾ ਸਮਾਂ ਵੀ ਹੈ। ਅਤੇ ਇਹ ਜਿਵੇਂ ਕਦੀ ਨੋਟਬੰਦੀ ਕਰ ਸਕਦੇ ਸਲ ਇਹ ਨੋਟ ਛਾਪ ਵੀ ਸਕਦੇ ਹਨ ਅਤੇ ਹਰ ਘਰ ਤਕ ਵਾਜਬ ਪੁਜਦੇ ਵੀ ਕਰ ਸਕਦੇ ਹਨ। ਬੇਰੁਜ਼ਗਾਰੀ ਖਤਮ ਕਰਨ ਲਈ ਅਜ ਦੇ ਕਾਮਿਆਂ ਦੇ ਕੰਮ ਦੇ ਘੰਟੇ ਘਟਾਕੇ ਅਠ ਦੀ ਬਜਾਏ ਚਾਰ ਕਰ ਸਕਦੇ ਹਨ ਅਤੇ ਕਾਰਖਾਨਿਆ ਨੂੰ ਦਿੰਨ ਰਾਤ ਕੰਮ ਕਰਨ ਦਾ ਵੀ ਆਖ ਸਕਦੇ ਹਨ। ਇਹ ਵੀ ਆਖ ਸਕਦੇ ਹਨ ਕਿ ਇਹ ਉਜਰਤਾਂ ਵੀ ਦੁਗਣੀਆਂ ਕਰ ਦਿਤੀਆਂ ਜਾਣ। ਬੇਰੁਜ਼ਗਾਰੀ ਖਤਮ ਹੋ ਸਕਦੀ ਹੈ ਅਤੇ ਹਰ ਘਰ ਤਕ ਵਾਜਬ ਜਿਹਾ ਪੈਸਾ ਵੀ ਪੁਜਦਾ ਕੀਤਾ ਜਾ ਕਦਾ ਹੈ। ਅਤੇ ਇਹ ਗਲਰੀਬਾਂ ਦੀ ਵਿਣਤੀ ਇਸ ਵਕਤ ਮੁਲਕ ਦੀ ਤਿੰਨ ਚੌਥਾਈ ਹੈ ਅਤੇ ਇਹ ਸਾਰੇ ਭਾਜਪਾ ਨੂੰ ਵੋਟਾਂ ਪਾ ਸਕਦੇ ਹਨ। ਇਹ ਭਾਜਪਾ ਖੇਤੀ ਕਾਨੂੰਨ ਵੀ ਵਾਪਸ ਲੈ ਸਕਦੇ ਹਨ ਅਤੇ ਇਹ ਜਿਹੜੀ ਮੁਖਾਲਫਤ ਬਣ ਆਈ ਹੈ ਇਹ ਵੀ ਖਤਮ ਹੋ ਸਕਦੀ ਹੈ। ਭਾਜਪਾ ਵਾਲਿਆਂ ਨੇ ਹਰ ਬੇਘਰੇ ਨੂੰ ਮਕਾਨ ਦੇਣ ਦਾ ਪਹਿਲਾਂ ਹੀ ਐਲਾਨ ਕੀਤਾ ਹੋਇਆ ਹੈ। ਅਰਥਾਤ ਇਸ ਵਕਤ ਭਾਜਪਾ ਪਾਸ ਗਰੀਬਾਂ ਦੇ ਮਨ ਜਿਤਣ ਦਾ ਮੋਕਾ ਹੈ ਅਤੇ ਇਹ ਜ਼ਿਮਨੀ ਚੋਣਾਂ ਵਿੱਚ ਹਾਰ ਇਕ ਚਣੌਤੀ ਜਿਹੀ ਆ ਗਈ ਹੈ ਅਤੇ ਭਾਜਪਾ ਵਿੱਚ ਬੈਠੇ ਸਿਆਣੇ ਲੋਕੀਂ ਹੀ ਹਾਲਤ ਵਿੱਚ ਕੋਸ਼ਿਸ਼ ਇਹੀ ਕਰਨਗੇ ਕਿ ਇਹ ਹਥ ਆਇਆ ਰਾਜ ਨਾਂ ਜਾਣ ਦਿਤਾ ਜਾਵੇ ਅਤੇ ਇਹ ਵੀ ਜਾਣਦੇ ਹਨ ਕਿ ਅਗਰ ਇਸ ਵਾਰੀਂ ਭਾਜਪਾ ਪਾਸੋਂ ਰਾਜ ਚਲਾ ਜਾਂਦਾ ਹੈ ਤਾਂ ਫਿਰ ਵਾਪਸ ਆਉਣਾ ਮੁਸ਼ਕਿਲ ਹੈ।ਇਸ ਵਕਤ ਕੋਈ ਵੀ ਹੋਰ ਪਾਰਟੀ ਇਹ ਮਸਲੇ ਲੈਕੇ ਅਤੇ ਹਲ ਲੈਕੇ ਲੋਕਾਂ ਸਾਹਮਣੇ ਨਹੀਂ ਆ ਰਹੀ ਹੈ ਅਤੇ ਬਸ ਭਾਜਪਾ ਦੀਆਂ ਕਮਜ਼ੋਰੀਆਂ ਕਰਕੇ ਸੋਚ ਰਹੀ ਹੈ ਕਿ ਸ਼ਾਇਦ ਇਸ ਵਾਰੀਂ ਰਾਜ ਸਾਡੇ ਹਥ ਆ ਜਾਵੇ। ਐਸੀਆਂ ਸੋਚਾਂਅਜ ਤਕ ਚਲਦੀਆਂ ਰਹੀਆਂ ਹਨ, ਪਰ ਹੁਣ ਵੋਟਰਾਂ ਨੇ ਕੁਝ ਹੋਰ ਹੀ ਸੋਚ ਰਖਿਆ ਹੈ ਅਤੇ ਵਾਅਦਿਆਂ ਦੀ ਬਜਾਏ ਭਾਜਪਾ ਕੁਝ ਕਰਕੇ ਵੋਟਾ ਲੈ ਸਕਦੀ ਹੈ।

*-101-ਸੀ ਵਿਕਾਸ ਕਲੋਨੀ, ਪਟਿਆਲਾ*
*ਫੋਨ- 0175 5191856*





## ਥੱਪੜ ਮਾਰ ਕੇ ਬਜ਼ੁਰਗ ਔਰਤ ਦੀ ਵਾਲੀ ਖੋਹ ਕੇ ਲੁਟੇਰੇ ਫਰਾਰ

ਜਲੰਧਰ, 15 ਨਵੰਬਰ (ਪੋਸਟ ਬਿਊਰੋ)- ਬਸਤੀ ਬਾਵਾ ਖੇਲ ਵਿੱਚ ਦੇ ਬੂਟੀ ਇਨਕਲੇਵ ਵਿੱਚ ਮਹਿਤਾ ਡਿਪਾਰਟਮੈਂਟ ਸਟੋਰ ਦੇ ਮਾਲਕ ਮਨਦੀਪ ਮਹਿਤਾ ਦੀ ਮਾਤਾ ਨੀਰੂ ਮਹਿਤਾ ਨੂੰ ਮੋਟਰ ਸਾਈਕਲ ਸਵਾਰ ਝਪਟਮਾਰਾਂ ਨੇ ਥੱਪੜ ਮਾਰਿਆ ਅਤੇ ਉਸ ਦੇ ਕੰਨ ਦੀ ਵਾਲੀ ਖੋਹ ਕੇ ਫਰਾਰ ਹੋ ਗਏ। ਨੀਰੂ ਮਹਿਤਾ ਨੇ ਰੌਲਾ ਪਾਇਆ ਤਾਂ ਨੇੜਲੇ ਦੁਕਾਨਦਾਰ ਲੁਟੇਰਿਆਂ ਦੇ ਪਿੱਛੇ ਭੱਜੇ, ਪ੍ਰੰਤੂ ਉਹ ਹੱਥ ਨਹੀਂ ਆਏ। ਬਾਜ਼ਾਰ ਵਿੱਚ ਇਹ ਘਟਨਾ ਐਤਵਾਰ ਸ਼ਾਮ ਸੱਤ ਵਜੇ ਹੋਈ। ਸੂਚਨਾ ਮਿਲਦੇ ਸਾਰ ਏ ਐਸ ਪੀ ਵੈਸਟ ਵਰਿਆਮ ਸਿੰਘ ਮੌਕੇ ਉੱਤੇ ਪਹੁੰਚੇ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ।

ਨੀਰੂ ਮਹਿਤਾ ਨੇ ਦੱਸਿਆ ਕਿ ਉਹ ਬਸਤੀ ਪੀਰਦਾਦ ਵਿੱਚ ਦੇ ਧਾਰਮਿਕ ਸਥਾਨ ਉੱਤੇ ਰੋਜ਼ ਮੱਥਾ ਟੇਕਣ ਜਾਂਦੀ ਹੈ। ਉਥੋਂ ਵਾਪਸੀ ਸਮੇਂ ਜਦੋਂ ਉਹ ਘਰ ਕੋਲ ਪਹੁੰਚੀ ਤਾਂ ਮੋਟਰ ਸਾਈਕਲ ਸਵਾਰ ਉਸ ਦੇ ਪਿੱਛੇ ਆ ਗਏ ਅਤੇ ਇੱਕ ਨੇ ਉਸ ਦੇ ਗੱਲ੍ਹ ਉੱਤੇ ਥੱਪੜ ਮਾਰਿਆ। ਉਸ ਨੂੰ ਲੱਗਾ ਕਿ ਸੜਕਛਾਪ ਨੌਜਵਾਨ ਹਨ ਅਤੇ ਬੇਵਜ੍ਹਾ ਤੰਗ ਕਰਨ ਜਾਂ ਛੇੜਛਾੜ ਦੀ ਨੀਤ ਨਾਲ ਥੱਪੜ ਮਾਰਿਆ ਹੈ। ਜਦ ਉਸ ਨੇ ਡਾਂਟਿਆ ਤਾਂ ਇੱਕ ਨੇ ਉਤਰ ਕੇ ਉਸ ਦੀ ਵਾਲੀ ਖੋਹ ਲਈ। ਬਜ਼ੁਰਗ ਔਰਤ ਦੇ ਬੇਟੇ ਮਨਦੀਪ ਮਹਿਤਾ ਨੇ ਦੱਸਿਆ ਕਿ ਜਿਸ ਜਗ੍ਹਾਵਾਰਦਾਤ ਹੋਈ, ਉਥੇ ਇੱਕ ਜੁੱਤੀਆਂ ਦਾ ਸਟੋਰ ਹੈ। ਉਸ ਸ਼ੂ ਸਟੋਰ ਦੇ ਬਾਹਰ ਸੀ ਸੀ ਟੀ ਵੀ ਕੈਮਰਿਆਂ ਵਿੱਚ ਸਾਰੀ ਘਟਨਾ ਰਿਕਾਰਡ ਹੋ ਗਈ ਹੈ।

## ਮਾਈ ਮਹਿੰਦਰ ਕੌਰ ਵੱਲੋਂ ਕੰਗਨਾ ਨੂੰ ਫਿਟਕਾਰ: ਕੁੜੀਏ! ਮੂੰਹ ਸੰਭਾਲ ਕੇ ਗੱਲ ਕਰ

ਚੰਡੀਗੜ੍ਹ, 15 ਨਵੰਬਰ (ਪੋਸਟ ਬਿਊਰੋ)- ਅਦਾਕਾਰਾ ਕੰਗਨਾ ਰਣੌਤ ਦੇ ਬੇਹੂਦਾ ਬੋਲਾਂ ਨੇ ਬਜ਼ੁਰਗ ਮਾਤਾ ਮਹਿੰਦਰ ਕੌਰ ਦਾ ਹਿਰਦਾ ਇੱਕ ਵਾਰ ਫਿਰ ਝੰਜੋੜ ਦਿੱਤਾ ਹੈ। ਕੰਗਨਾ ਨੇ ਕਰੀਬ ਇੱਕ ਸਾਲ ਪਹਿਲਾਂ ਇਸੇ ਬਿਰਧ ਮਾਈ ਉੱਤੇ ਉਂਗਲ ਚੁੱਕੀ ਸੀ। ਪਿਛਲੇ ਦਿਨੀਂ ਜਦੋਂ ਕੰਗਨਾ ਨੇ ਆਜ਼ਾਦੀ ਭੀਖ ਵਿੱਚ ਮਿਲੀ ਹੋਣ ਦੀ ਗੱਲ ਆਖ ਕੇ ਸ਼ਹੀਦਾਂ ਦਾ ਅਪਮਾਨ ਕੀਤਾ ਤਾਂ ਮਾਤਾ ਮਹਿੰਦਰ ਕੌਰ ਨੇ ਅੱਖਾਂ ਭਰ ਲਈਆਂ ਅਤੇ ਗੁੱਸੇ ਵਿੱਚ ਕੰਗਨਾ ਬਾਰੇ ਬੋਲੀ, "ਕੁੜੀਏ! ਮੂੰਹ ਸੰਭਾਲ ਕੇ ਬੋਲ।ਅਸੀਂ ਸ਼ਹੀਦਾਂ ਦਾ ਅਪਮਾਨ ਕਿਵੇਂ ਝੱਲ ਲਈਏ।"





ਵਰਨਣ ਯੋਗ ਹੈ ਕਿ ਨਵੰਬਰ 2020 ਵਿੱਚ ਕੰਗਨਾ ਰਣੌਤ ਨੇ ਟਵੀਟ ਕਰ ਕੇ ਮਾਤਾ ਮਹਿੰਦਰ ਕੌਰ ਨੂੰ ਕਿਸਾਨ ਘੋਲ ਵਿੱਚ 100 ਰੁਪਏ ਭਾੜਾ ਲੈ ਕੇ ਆਉਣ ਵਾਲੀ ਔਰਤ ਕਿਹਾ ਸੀ। ਇਸ ਮਾਤਾ ਦੀ ਫੋਟੋ ਵੀ ਕੰਗਨਾ ਨੇ ਸ਼ੇਅਰ ਕੀਤੀ ਸੀ। ਜ਼ਿਲਾ ਬਠਿੰਡਾ ਦੇ ਪਿੰਡ ਬਹਾਦਰਗੜ੍ਹ ਜੰਡੀਆਂ ਦੀ ਮਹਿੰਦਰ ਕੌਰ ਦੀ ਉਮਰ 81 ਸਾਲ ਦੇ ਕਰੀਬ ਹੈ। ਏਨੀ ਉਮਰ ਦੇ ਬਾਵਜੂਦ ਉਹ ਕਿਸਾਨੀ ਅੰਦੋਲਨ ਵਿੱਚ ਦਿੱਲੀ ਗਈ ਸੀ। ਮਹਿੰਦਰ ਕੌਰ ਨੇ ਕਿਹਾ ਕਿ 'ਖ਼ੂਨ ਡੋਲ੍ਹ ਕੇ ਆਜ਼ਾਦੀ ਲਈ ਹੈ। ਭਗਤ ਸਿੰਘ ਅਤੇ ਸਰਾਭੇ ਵਰਗੇ ਸੂਰਬੀਰਾਂ ਨੇ ਜਾਨ ਵਾਰ ਕੇ ਦੇਸ਼ ਲਈ ਖੁੱਲ੍ਹੀ ਹਵਾ ਦਾ ਬੂਹਾ ਖੋਲ੍ਹਿਆ।' ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਜਾਨ ਤਲੀ ਉੱਤੇ ਰੱਖ ਕੇ ਆਜ਼ਾਦੀ ਦਾ ਸੰਘਰਸ਼ ਲੜਿਆ, ਉਨ੍ਹਾਂ ਉੱਤੇ ਉਂਗਲ ਚੁੱਕਣ ਵਾਲੀ ਕੰਗਨਾ ਕੌਣ ਹੁੰਦੀ ਹੈ। ਅਸਲ ਵਿੱਚ ਕੰਗਨਾ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਗੁਲਾਮ ਹੈ ਅਤੇ ਟਿਕਟ ਲੈਣ ਦੇ ਲਾਲਚ ਵਿੱਚ ਸਰਕਾਰ ਦੀ ਬੋਲੀ ਬੋਲਦੀ ਹੈ।' ਉਨ੍ਹਾਂ ਕਿਹਾ ਕਿ ਆਜ਼ਾਦੀ ਭੀਖ ਵਿੱਚ ਨਹੀਂ, ਜਾਨਾਂ ਵਾਰ ਕੇ ਲਈ ਸੀ।

ਮਾਤਾ ਮਹਿੰਦਰ ਕੌਰ ਨੇ ਕੰਗਨਾ ਰਣੌਤ ਨੂੰ 'ਮੋਦੀ ਭਗਤ' ਦੱਸਦਿਆਂ ਕਿਹਾ ਕਿ 'ਏਹ ਕੁੜੀ ਤਾਕਤ ਦੇ ਨਸ਼ੇ ਵਿੱਚ ਉਲਟਾ-ਸਿੱਧਾ ਬੋਲਦੀ ਹੈ। ਪਹਿਲਾਂ ਕਿਸਾਨੀ ਘੋਲ ਦੇ ਪਿੱਛੇ ਪੈ ਗਈ ਸੀ ਤੇ ਫਿਰ ਆਜ਼ਾਦੀ ਘੁਲਾਟੀਏ ਵੀ ਨਹੀਂ ਬਖਸ਼ੇ।' ਮਹਿੰਦਰ ਕੌਰ ਨੇ ਕਿਹਾ ਕਿ ਉਦੋਂ ਪੂਰੇ ਦੇਸ਼ ਨੇ ਇਸ ਕੁੜੀ ਨੂੰ ਲਾਹਨਤਾਂ ਪਾਈਆਂ ਸਨ, ਇਹ ਅਜੇ ਵੀ ਚੁੱਪ ਨਹੀਂ ਕਰ ਰਹੀ। ਬੇਬੇ ਨੇ ਕਿਹਾ ਕਿ ਇਸ ਕੁੜੀ ਨੂੰ ਨਹੀਂ ਭੁੱਲਣਾ ਚਾਹੀਦਾ ਕਿ ਕੱਟੜ ਰਾਜੇ ਪਹਿਲਾਂ ਵੀ ਹੋਏ ਨੇ, ਆਜਾਦੀ ਘੁਲਾਟੀਏ ਵਿਰਲੇ ਹੁੰਦੇ ਹਨ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਨੇ ਮੁੱਢ ਬੰਨ੍ਹ ਦਿੱਤਾ ਹੈ,ਮੋਦੀ ਰਾਜ ਦੀ ਗੁਲਾਮੀ ਤੋਂ ਛੇਤੀ ਆਜ਼ਾਦੀ ਮਿਲੂ। ਬੇਬੇ ਨੇ ਭਰੋਸੇ ਨਾਲ ਕਿਹਾ ਕਿ ਕਿਸਾਨ ਘੋਲ ਦਾ ਜ਼ਰੂਰ ਮੁੱਲ ਪਵੇਗਾ ਤੇਕਿਸਾਨ ਜੰਗ ਜਿੱਤ ਕੇ ਘਰੀਂ ਮੁੜਨਗੇ। ਉਨ੍ਹਾਂ ਦਿੱਲੀ ਵਿੱਚ ਡਟੇ ਕਿਸਾਨਾਂ ਨੂੰ ਹੌਸਲਾ ਦਿੱਤਾ ਕਿ ਤਕੜੇ ਹੋ ਕੇ ਲੱਗੇ ਰਹੋ, ਸ਼ੇਰ ਬੱਗਿਓ, ਦਿਨ ਦੂਰ ਨਹੀਂ।ਮਹਿੰਦਰ ਕੌਰ ਦੇ ਪਤੀ ਲਾਭ ਸਿੰਘ ਨੇ ਦੱਸਿਆ ਕਿ ਉਹ ਦੋ ਦਿਨਾਂ ਤੋਂ ਕੰਗਨਾ ਦੀ ਖਬਰ ਨੂੰ ਗਹੁ ਨਾਲ ਸੁਣ ਰਹੀ ਹੈ, ਪਰ ਉਸ ਦੀ ਕੋਈ ਵਾਹ ਨਹੀਂ ਜਾਂਦੀ। ਲਾਭ ਸਿੰਘ ਨੇ ਕਿਹਾ ਕਿ ਕੰਗਣਾ ਤਾਂ ਚਿਹਰਾ ਹੈ, ਇਸ ਪਿਛੇ ਬੋਲਣ ਵਾਲਾ ਕੋਈ ਹੋਰ ਹੈ।

## ਪਰਿਵਾਰਕ ਝਗੜੇ ਕਾਰਨ ਜੋੜੇ ਵੱਲੋਂ ਫਾਹਾ ਲੈ ਕੇ ਖ਼ੁਦਕੁਸ਼ੀ

ਲੁਧਿਆਣਾ, 15 ਨਵੰਬਰ (ਪੋਸਟ ਬਿਊਰੋ)- ਪਰਵਾਰਕ ਝਗੜੇ ਕਾਰਨ ਇੱਕ ਜੋੜੇ ਨੇ ਸ਼ਨੀਵਾਰ ਰਾਤ ਪੱਖੇ ਨਾਲ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਕੱਲ੍ਹ ਸਵੇਰੇ ਦੋਵਾਂ ਦੀਆਂ ਲਾਸ਼ਾਂ ਕਮਰੇ ਵਿੱਚ ਝੂਲਦੀਆਂ ਮਿਲੀਆਂ।

ਏ ਐਸ ਆਈ ਬਲਕਾਰ ਸਿੰਘ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਪਿੰਜ ਬਾਜੜਾ ਦੀ ਭਗਵੰਤ ਵਿਹਾਰ ਕਾਲੋਨੀ ਵਾਸੀ ਰੀਤਾ (22) ਅਤੇ ਅਖਿਲੇਸ਼ (30) ਵਜੋਂ ਹੋਈ ਹੈ। ਪੁਲਸ ਨੇ ਰੀਤਾ ਦੇ ਚਾਚੇ ਦੇ ਪੁੱਤਰ ਰਾਮ ਆਧਾਰ ਦੇ ਬਿਆਨਾਂ ਉੱਤੇ ਕਾਰਵਾਈ ਕੀਤੀ ਹੈ। ਰਾਮ ਆਧਾਰ ਨੇ ਦੱਸਿਆ ਕਿ ਇਹ ਲੋਕ ਯੂ ਪੀ ਦੇ ਹਰਦੋਈ ਦੇ ਪਿੰਡ ਰੋਹਿਣੀ ਬੇਹੜਾ ਗੋਕੁਲ ਦੇ ਵਸਨੀਕ ਸਨ। ਰੀਤਾ ਤੇ ਅਖਿਲੇਸ਼ ਨੇ ਕਰੀਬ ਪੰਜ ਮਹੀਨੇ ਪਹਿਲਾਂ ਵਿਆਹ ਕੀਤਾ ਸੀ। ਦੋਵਾਂ ਦਾ ਇਹ ਦੂਜਾ ਵਿਆਹ ਸੀ। ਅਖਿਲੇਸ਼ ਕਾਰਖਾਨੇ ਵਿੱਚ ਕੰਮ ਕਰਦਾ ਸੀ ਅਤੇ ਸ਼ਰਾਬ ਪੀਣ ਤੋਂ ਪਤਨੀ ਨਾਲ ਉਸ ਦਾ ਝਗੜਾ ਹੁੰਦਾ ਰਹਿੰਦਾ ਸੀ। ਸ਼ਨੀਵਾਰ ਨੌਂ ਵਜੇ ਦੋਵਾਂ ਵਿਚਾਲੇ ਝਗੜਾ ਹੋਇਆ। ਫਿਰ ਸਭ ਸ਼ਾਂਤ ਹੋ ਗਿਆ। ਰਾਤ ਕਿਸੇ ਸਮੇਂ ਦੋਵਾਂ ਨੇ ਇੱਕੋ ਪੱਖੇ ਨਾਲ ਚੁੰਨੀਆਂ ਦੇ ਸਹਾਰੇ ਫਾਹਾ ਲੈ ਲਿਆ।

## ਰੁਜ਼ਗਾਰ ਪ੍ਰਾਪਤੀ ਲਈ ਧਰਨੇ ਉੱਤੇ ਬੈਠੇ ਟੀਚਰ ਦੀ ਡੇਂਗੂ ਨਾਲ ਮੌਤ

ਮਾਨਸਾ, 15 ਨਵੰਬਰ (ਪੋਸਟ ਬਿਊਰੋ)- ਕੌੜੀਵਾੜਾ ਪਿੰਡ ਦੇ 32 ਸਾਲਾ ਨੌਜਵਾਨ ਦਲਜੀਤ ਸਿੰਘ ਉਰਫ਼ ਕਾਕਾ ਭਾਊ ਪੁੱਤਰ ਦਲੀਪ ਸਿੰਘਦੀ ਡੇਂਗੂ ਬੁਖ਼ਾਰ ਨਾਲ ਮੌਤ ਹੋਣ ਦੀ ਖ਼ਬਰ ਹੈ।



ਵਰਨਣ ਯੋਗ ਹੈ ਕਿ ਦਲਜੀਤ ਸਿੰਘ ਉਰਫ਼ ਕਾਕਾ ਭਾਊ ਬੇਰੁਜ਼ਗਾਰ ਪੀ ਟੀ ਆਈ ਯੂਨੀਅਨ 646 ਦਾ ਸਰਗਰਮ ਮੈਂਬਰ ਅਤੇਯੂਨੀਅਨ ਵੱਲੋਂ ਮੋਹਾਲੀ ਵਿਖੇ ਲਗਾਤਾਰ ਚੱਲ ਰਹੇ ਧਰਨੇ ਵਿੱਚ ਪਿਛਲੇ 28 ਦਿਨਾਂ ਤੋਂ ਸ਼ਾਮਲ ਸੀ, ਜਿੱਥੇ ਦੋ ਦਿਨ ਪਹਿਲਾਂ ਉਸ ਨੂੰ ਬੁਖ਼ਾਰ ਹੋ ਗਿਆ। ਵਾਪਸ ਘਰ ਆਉਣ ਉੱਤੇ ਇਲਾਜ ਦੌਰਾਨ ਉਸਦੀ ਮੌਤ ਹੋ ਗਈ। ਉਹ ਆਪਣੇ ਪਿੱਛੇ ਮਾਂ-ਬਾਪ, ਭਰਾ ਤੋਂ ਇਲਾਵਾ ਪਤਨੀ ਤੇ ਇੱਕ ਪੰਜ ਸਾਲ ਦਾ ਲੜਕਾ ਛੱਡ ਗਿਆ ਹੈ। ਯੂਨੀਅਨ ਦੇ ਸੂਬਾ ਪ੍ਰਧਾਨ ਗੁਰਲਾਭ ਸਿੰਘ ਭੋਲਾ ਤੇ ਸੂਬਾ ਕਮੇਟੀ ਮੈਂਬਰ ਗੁਰਦੀਪ ਸਿੰਘ ਨੇ ਜਥੇਬੰਦੀ ਮੰਗ ਕੀਤੀ ਹੈ ਕਿ ਮ੍ਰਿਤਕ ਦੇ ਪਰਵਾਰ ਨੂੰ 20 ਲੱਖ ਰੁਪਏ ਦੀ ਮਾਲੀ ਸਹਾਇਤਾ ਤੇ ਉਸਦੀ ਪਤਨੀ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ।

## ਬੇਅਦਬੀ ਕਾਂਡ ਦੀ ਚਰਚਾ ਦੌਰਾਨ ਡੇਰਾ ਪ੍ਰੇਮੀਆਂ ਵੱਲੋਂ ਨਾਮ-ਚਰਚਾ ਦੇ ਬਹਾਨੇ ਸ਼ਕਤੀ ਪ੍ਰਦਰਸ਼ਨ

ਬਠਿੰਡਾ, 15 ਨਵੰਬਰ (ਪੋਸਟ ਬਿਊਰੋ)- ਅਗਲੀਆਂ ਵਿਧਾਨ ਸਭਾ ਚੋਣਾਂ ਦੇ ਕਾਰਨ ਪੰਜਾਬ ਵਿੱਚ ਅਕਾਲੀ-ਭਾਜਪਾ ਰਾਜ ਦੇ ਵਕਤ ਹੋਏ ਬੇਅਦਬੀ ਕਾਂਡ ਦੇ ਕਿਸੇ ਖਾਸ ਮੋੜ ਉੱਤੇ ਪੁੱਜਣ ਦੀ ਚਰਚਾ ਚੱਲ ਰਹੀ ਹੈ, ਇਸ ਦੌਰਾਨ ਕੱਲ੍ਹ ਮਾਲਵਾ ਪੱਟੀ ਦੇ ਸੱਚਾ ਸੌਦਾ ਦੇ ਹਜ਼ਾਰਾਂ ਸ਼ਰਧਾਲੂਆਂ ਨੇ ਡੇਰਾ ਸਲਾਬਤਪੁਰਾ ਵਿੱਚ ਸ਼ਕਤੀ ਪ੍ਰਦਰਸ਼ਨ ਕੀਤਾ।

ਇਸ ਧਾਰਮਿਕ ਰੰਗਣ ਵਾਲੇ ਇਕੱਠ ਵਿੱਚ ਡੇਰਾ ਪ੍ਰਬੰਧਕਾਂ ਨੇ ਪ੍ਰੇਮੀਆਂ ਨੂੰ ਇਕਜੁਟਤਾ ਦਾ ਪਾਠ ਪੜ੍ਹਾਉਣ ਬਹਾਨੇ ਅਗਲੇ ਸਮੇਂ ਵਿੱਚ ਇਕੱਠੇ ਹੋ ਕੇ ਚੱਲਣ ਲਈ ਕਿਹਾ, ਜਿਸ ਦਾ ਡੇਰਾ ਪ੍ਰੇਮੀਆਂ ਨੇ ਉਤਸ਼ਾਹ ਨਾਲ ਜਵਾਬ ਦਿੱਤਾ। ਸਿਆਸੀ ਮਾਹਰ ਇਸ ਇੱਕਜੁਟਤਾ ਦੇ ਪ੍ਰਗਟਾਵੇ ਨੂੰ ਦਬਾਅ ਦੀ ਰਾਜਨੀਤੀ ਮੰਨਦੇ ਹਨ, ਪ੍ਰੰਤੂ ਚੋਣਾਂ ਦੇ ਮੌਸਮ ਵਿੱਚ ਡੇਰਾ ਪ੍ਰੇਮੀਆਂ ਦੀ ਇਹ ਤਾਜ਼ਾ ਹਲਚਲ ਅਗਲੇ ਸਮੇਂ ਵਿੱਚ ਪੰਜਾਬ ਦੀ ਸਿਆਸਤ ਨੂੰ ਵੱਡਾ ਮੋੜਾ ਦੇ ਸਕਦੀ ਹੈ।

ਵਰਨਣ ਯੋਗ ਹੈ ਕਿ ਡੇਰਾ ਸੱਚਾ ਸੌਦਾ ਸਿਰਸਾ ਤੋਂ ਬਾਅਦ ਪੰਜਾਬ ਦੇ ਬਠਿੰਡਾ ਜ਼ਿਲ੍ਹੇ ਵਿੱਚ ਸਲਾਬਤਪੁਰਾ ਦਾ ਡੇਰਾ ਪ੍ਰੇਮੀਆਂ ਦਾ ਦੂਜਾ ਸਭ ਤੋਂ ਵੱਡਾ ਹੈਡਕੁਆਰਟਰ ਹੈ, ਜਿੱਥੇ ਪਹਿਲਾਂ ਵੀ ਸਿਆਸੀ ਅਤੇ ਧਾਰਮਿਕ ਪ੍ਰੋਗਰਾਮ ਹੁੰਦੇ ਰਹੇ ਹਨ। ਡੇਰਾ ਪ੍ਰੇਮੀਆਂ ਦੇ ਕੱਲ੍ਹ ਦੇ ਇਕੱਠ ਉੱਤੇ ਸੂਬਾਈ ਤੇ ਕੇਂਦਰੀ ਖ਼ੁਫ਼ੀਆ ਏਜੰਸੀਆਂ ਦੇ ਅਧਿਕਾਰੀਆਂ ਦੀ ਵੀ ਨਜ਼ਰ ਰਹੀ ਹੈ। ਡੇਰੇ ਨਾਲ ਜੁੜੇ ਸੂਤਰਾਂ ਮੁਤਾਬਕ ਕੱਲ੍ਹ ਦਾ ਇਕੱਠ ਰੂਟੀਨ ਦਾ ਨਹੀਂ, ਪੰਜਾਬ ਸਰਕਾਰ ਵੱਲੋਂ ਡੇਰਾ ਪ੍ਰੇਮੀਆਂ ਅਤੇ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਵਿਰੁੱਧ ਕੱਸੇ ਜਾ ਰਹੇ ਕਾਨੂੰਨੀ ਸ਼ਿਕੰਜੇ ਦੇ ਕਾਰਨ ਮਹੱਤਵਪੂਰਨ ਹੈ।ਬਲਾਤਕਾਰ ਅਤੇ ਕਤਲ ਦੇ ਕੇਸਾਂ ਵਿੱਚ ਹਰਿਆਣਾ ਦੀ ਸੁਨਾਰੀਆ ਜੇਲ੍ਹ ਵਿੱਚ ਉਮਰ ਕੈਦ ਭੁਗਤ ਰਹੇ ਡੇਰਾ ਮੁਖੀ ਕੋਲੋਂ ਪੰਜਾਬ ਪੁਲਸ ਦੀ ਵਿਸ਼ੇਸ਼ ਜਾਂਚ ਟੀਮ ਪੁੱਛਗਿੱਛ ਕਰ ਚੁੱਕੀ ਹੈ ਅਤੇ ਜਲਦੀ ਦੁਬਾਰਾ ਜਾਣ ਦੀ ਸੰਭਾਵਨਾ ਹੈ। ਡੇਰਾ ਸਿਰਸਾ ਦਾ ਸਬੰਧ ਇਕੱਲੇ ਬੇਅਦਬੀ ਕਾਂਡ ਨਾਲ ਨਹੀਂ, ਮੌੜ ਮੰਡੀ ਵਿੱਚ ਹੋਏ ਬੰਬ ਧਮਾਕੇ ਨਾਲ ਵੀ ਜੋੜ ਕੇ ਦੇਖਿਆ ਜਾਂਦਾ ਹੈ। ਸਿਆਸੀ ਮਾਹਰਾਂ ਮੁਤਾਬਕ ਅਜਿਹੇ ਮਾਹੌਲ ਵਿੱਚ ਡੇਰੇ ਦੇ ਪ੍ਰਬੰਧਕਾਂ ਨੇ ਨਵਾਂ ਪੈਂਤੜਾ ਲਿਆ ਹੈ ਤਾਂਕਿ ਉਹ ਸਿਆਸੀ ਲੀਡਰਾਂ ਨੂੰ ਦਿਖਾ ਸਕਣ ਕਿ ਉਹ ਹਾਲੇ ਵੀ ਵਿਧਾਨ ਸਭਾ ਚੋਣਾਂ ਵਿੱਚ ਸਿਆਸੀ ਪਟਕਾ ਮਾਰਨ ਦੀ ਤਾਕਤ ਰੱਖਦੇ ਹਨ।

## ਭਾਰਤ ਦੇ ਪਹਿਲੇ ਅਰਜੁਨ ਐਵਾਰਡੀ ਖਿਡਾਰੀ ਗੁਰਬਚਨ ਸਿੰਘ ਰੰਧਾਵਾ ਦੀ ਜੀਵਨੀ 'ਉਡਣਾ ਬਾਜ਼' ਜਾਰੀ

ਚੰਡੀਗੜ੍ਹ, 15 ਨਵੰਬਰ (ਪੋਸਟ ਬਿਊਰੋ)- ਅਥਲੈਟਿਕਸ ਵਿੱਚ ਭਾਰਤ ਦਾ ਨਾਮ ਸੰਸਾਰ ਪੱਧਰ ਉਤੇ ਰੌਸ਼ਨ ਕਰਨ ਵਾਲੇ ਉਲੰਪੀਅਨ ਗੁਰਬਚਨ ਸਿੰਘ ਰੰਧਾਵਾ ਦਾ ਖੇਡ ਜੀਵਨ ਭਾਰਤੀ ਖਿਡਾਰੀਆਂ ਲਈ ਚਾਨਣ ਮੁਨਾਰੇ ਵਾਂਗ ਹੈ। ਪੰਜਾਬ ਦੇ ਖੇਡਾਂ ਅਤੇ ਉਚੇਰੀ ਸਿੱਖਿਆ ਮੰਤਰੀ ਪਰਗਟ ਸਿੰਘ ਨੇ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਲਿਖੀ ਹੋਈ ਉਲੰਪੀਅਨ ਗੁਰਬਚਨ ਸਿੰਘ ਰੰਧਾਵਾ ਦੀ ਜੀਵਨੀ 'ਉਡਣਾ ਬਾਜ਼' ਦੇ ਰਿਲੀਜ਼ ਸਮਾਗਮ ਵਿੱਚ ਕਿਹਾ ਕਿ ਭਾਰਤ ਦੇ ਪਹਿਲੇ ਅਰਜੁਨਾ ਐਵਾਰਡੀ ਅਥਲੀਟ ਰੰਧਾਵਾ ਦੀਆਂ ਪ੍ਰਾਪਤੀਆਂ ਸਾਰੇ ਖਿਡਾਰੀਆਂ ਨੂੰ ਉਤਸ਼ਾਹਤ ਕਰਦੀਆਂ ਰਹਿਣਗੀਆਂ।



ਕੱਲ੍ਹ ਇਥੇ ਪੰਜਾਬ ਕਲਾ ਭਵਨ ਵਿਖੇ ਖੇਡ ਮੰਤਰੀ ਪਰਗਟ ਸਿੰਘ, ਉਲੰਪੀਅਨ ਗੁਰਬਚਨ ਸਿੰਘ ਰੰਧਾਵਾ, ਸਾਬਕਾ ਡੀ ਜੀ ਪੀ ਅਤੇ ਪੰਜਾਬ ਉਲੰਪਿਕ ਐਸੋਸੀਏਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਰਾਜਦੀਪ ਸਿੰਘ ਗਿੱਲ, ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਪ੍ਰੋ. ਰਵਿੰਦਰ ਭੱਠਲ, ਪੰਜਾਬ ਲੋਕ ਵਿਰਾਸਤ ਅਕਾਦਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ, ਪੰਜਾਬ ਕਲਾ ਪ੍ਰੀਸ਼ਦ ਦੇ ਸੈਕਟਰੀ ਜਨਰਲ ਡਾ. ਲਖਵਿੰਦਰ ਸਿੰਘ ਜੌਹਲ, ਕੌਮਾਂਤਰੀ ਨਿਸ਼ਾਨੇਬਾਜ਼ ਗੁਰਬੀਰ ਸਿੰਘ ਸੰਧੂ, ਯੂਨੀਸਟਾਰ ਪ੍ਰਕਾਸ਼ਨ ਦੇ ਹਰੀਸ਼ ਜੈਨ ਨੇ 'ਉਡਣਾ ਬਾਜ਼' ਨੂੰ ਲੋਕ ਅਰਪਣ ਕੀਤਾ। ਇਸ ਮੌਕੇ ਖੇਡ ਮੰਤਰੀ ਪਰਗਟ ਸਿੰਘ ਨੇ ਕਿਹਾ ਕਿ ਅਥਲੈਟਿਕਸ ਖੇਡ ਵਿੱਚ ਉਲੰਪਿਕ ਖੇਡਾਂ ਦਾ ਫ਼ਾਈਨਲਿਸਟ, ਏਸ਼ੀਆਈ ਖੇਡਾਂ ਦਾ ਬੈਸਟ ਅਥਲੀਟ ਤੇ ਕੌਮੀ ਪੱਧਰ ਉਤੇ ਦੋ ਦਿਨਾਂ ਵਿੱਚ ਚਾਰ ਨੈਸ਼ਨਲ ਰਿਕਾਰਡ ਬਣਾਉਣ ਵਾਲੇ ਗੁਰਬਚਨ ਸਿੰਘ ਰੰਧਾਵਾ ਤਾਂ ਮਹਾਨਤਾ ਦੀ ਜਿਉਂਦੀ ਜਾਗਦੀ ਮਿਸਾਲ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਾਮੀਂ ਖਿਡਾਰੀਆਂ ਦੇ ਪਿੰਡਾਂ ਦੇ ਨਾਮ ਜਾਂ ਉਨ੍ਹਾਂ ਦੇ ਪਿੰਡ ਦੇ ਸਟੇਡੀਅਮ ਦਾ ਨਾਮ ਖਿਡਾਰੀ ਦੇ ਨਾਂ ਉਤੇ ਰੱਖਣ ਦੀ ਤਜਵੀਜ਼ ਹੈ।

ਗੁਰਬਚਨ ਸਿੰਘ ਰੰਧਾਵਾ 1964 ਦੀਆਂ ਟੋਕੀਓ ਉਲੰਪਿਕ ਖੇਡਾਂ ਵਿੱਚ ਭਾਰਤੀ ਖੇਡ ਦਲ ਦਾ ਝੰਡਾਬਰਦਾਰ ਸੀ ਜਿੱਥੇ ਉਨ੍ਹਾਂ 110 ਮੀਟਰ ਹਰਡਲਜ ਵਿੱਚ ਪੰਜਵਾਂ ਸਥਾਨ ਹਾਸਲ ਕੀਤਾ।


Steinmetz & Associates

PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.

For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU

647.539.3020

1450 Meyerside Drive, Suite 308, Mississauga

2 OFFICES TO SERVE YOU

55 St. Clair Ave., West, Toronto

email: bsidhu@steinmetzlawyers.ca website: www.steinmetzlawyers.ca


## ਕੰਟਰੈਕਟ ਮੈਰਿਜ ਦੀ ਠੱਗੀ, ਕੈਨੇਡਾ ਤੋਂ ਮੁੜੀ ਮਾਂ ਨੂੰ ਅਥਾਰਟੀ ਨੇ ਫੜ੍ਹ ਕੇ ਪੁਲਸ ਨੂੰ ਸੌਂਪਿਆ

ਜਲੰਧਰ, 15 ਨਵੰਬਰ (ਪੋਸਟ ਬਿਊਰੋ)- ਸ੍ਰੀ ਦੇਵੀ ਤਲਾਬ ਮੰਦਰ ਦੇ ਸਿਕਿਓਰਟੀ ਇੰਚਾਰਜ ਸਬ ਇੰਸਪੈਕਟਰ ਸੋਢੀ ਲਾਲ ਦੇ ਬੇਟੇ ਨਾਲ ਵਿਆਹ ਕਰ ਕੇ ਫਤਿਹਗੜ੍ਹ ਸਾਹਿਬ ਦੀ ਮਾਂ-ਧੀ ਵੱਲੋਂ 30 ਲੱਖ ਰੁਪਏ ਦੀ ਠੱਗੀ ਕਰਨ ਦੇ ਕੇਸ ਵਿੱਚ ਪੁਲਸ ਨੇ ਐਲ ਓ ਸੀ ਜਾਰੀ ਕੀਤੀ ਹੋਈ ਸੀ। ਦਿੱਲੀ ਏਅਰਪੋਰਟ ਅਥਾਰਟੀ ਨੇ ਕੈਨੇਡਾ ਤੋਂ ਮੁੜੀ ਮੰਡੀ ਗੋਬਿੰਦਗੜ੍ਹ ਦੀ ਮੋਨਿਕਾ ਸੋਢੀ ਨੂੰ ਗ੍ਰਿਫਤਾਰ ਕਰ ਲਿਆ ਹੈ। ਉਸ ਦੀ ਬੇਟੀ ਆਸ਼ਿਮਾ ਦੀ ਗ੍ਰਿਫਤਾਰੀ ਬਾਕੀ ਹੈ। ਦੋਵਾਂ ਖਿਲਾਫ ਥਾਣਾ ਅੱਠ ਵਿੱਚ ਆਈ ਪੀ ਸੀ ਦੀ ਧਾਰਾ 406, 420 ਤੇ 34 ਦੇ ਤਹਿਤ ਪਰਚਾ ਦਰਜ ਹੈ।



ਸਬ ਇੰਸਪੈਕਟਰ ਸੋਢੀ ਲਾਲ ਨੇ ਦੱਸਿਆ ਕਿ ਦੋਸ਼ੀ ਮਹਿਲਾ ਨੂੰ ਕੈਨੇਡਾ ਤੋਂ ਮੁੜਨ ਉੱਤੇਕੱਲ੍ਹ ਸ਼ਨੀਵਾਰ ਦਿੱਲੀ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ, ਕਿਉਂਕਿ ਕੇਸ ਦਰਜ ਹੋਣ ਦੇ ਬਾਅਦ ਉਹ ਬੇਟੀ ਨਾਲ ਵਿਦੇਸ਼ ਭੱਜ ਗਈ ਸੀ। ਇਸ ਦੇ ਬਾਅਦ ਜਲੰਧਰ ਪੁਲਸ ਨੇ ਏਅਰਪੋਰਟ ਅਥਾਰਟੀ ਨੂੰ ਮੋਨਿਕਾ ਅਤੇ ਆਸ਼ਿਮਾ ਦੇ ਨਾਂਅ ਦੇ ਐਲ ਓ ਸੀ (ਲੁਕ ਆਊਟ ਕੌਰਨਰ) ਜਾਰੀ ਕੀਤੇ ਸਨ। ਗ੍ਰਿਫਤਾਰੀ ਦੀ ਜਾਣਕਾਰੀ ਜਦ ਥਾਣਾ ਅੱਠ ਦੀ ਪੁਲਸ ਨੂੰ ਮਿਲੀ ਤਾਂ ਇੱਕ ਟੀਮ ਦੋਸ਼ੀ ਨੂੰ ਲੈਣ ਦਿੱਲੀ ਏਅਰਪੋਰਟ ਚਲੀ ਗਈ। ਏਅਰਪੋਰਟ ਅਥਾਰਟੀ ਨੇ ਕੱਲ੍ਹ ਉਸ ਨੂੰ ਜਲੰਧਰ ਪੁਲਸ ਨੂੰ ਸੌਂਪਿਆ। ਥਾਣਾ ਅੱਠ ਦੀ ਪੁਲਸ ਨੇ ਦੋਸ਼ੀ ਨੂੰ ਦੇਰ ਸ਼ਾਮ ਜੱਜ ਦੇ ਸਾਹਮਣੇ ਪੇਸ਼ ਕਰ ਕੇ ਰਿਮਾਂਡ ਉੱਤੇ ਲਿਆ ਹੈ। ਸੋਢੀ ਲਾਲ ਨੇ ਦੋਸ਼ ਲਾਇਆ ਕਿ ਦੋਸ਼ੀ ਔਰਤਾਂ ਚਾਲੀ ਹਜ਼ਾਰ ਕੈਨੇਡੀਅਰ ਡਾਲਰ ਦੀ ਮੰਗ ਕਰ ਰਹੀਆਂ ਸਨ।

## ਜਨਮ ਦਿਨ ਦੀ ਪਾਰਟੀ ਵਿੱਚ ਚਾਕੂ ਮਾਰ ਕੇ ਦੋਸਤ ਦਾ ਕਤਲ

ਜਗਰਾਓਂ, 15 ਨਵੰਬਰ (ਪੋਸਟ ਬਿਊਰੋ)- ਥਾਣਾ ਸਦਰ ਦੇ ਪਿੰਡ ਹਾਂਸ ਕਲਾਂ ਵਿੱਚ ਜਨਮ ਦਿਨ ਮਨਾਉਣ ਲਈ ਇਕੱਠੇ ਹੋਏ ਕੁਝ ਨੌਜਵਾਨਾਂ ਨੇ ਝਗੜੇ ਦੌਰਾਨ ਚਾਕੂ ਮਾਰ ਕੇ ਆਪਣੇ ਸਾਥੀ ਦਾ ਕਤਲ ਕਰ ਦਿੱਤਾ।

ਜਾਂਚ ਅਧਿਕਾਰੀ ਇੰਸਪੈਕਟਰ ਜਸਪਾਲ ਸਿੰਘ ਧਾਲੀਵਾਲ ਨੇ ਦੱਸਿਆ ਕਿ ਹਰਪ੍ਰੀਤ ਸਿੰਘ ਪਿੰਡ ਹਾਂਸ ਕਲਾਂ ਦਾ ਜਨਮ ਦਿਨ ਮਨਾਉਣ ਲਈ ਕੁਝ ਨੌਜਵਾਨ ਇਕੱਠੇ ਹੋਏ ਸਨ। ਸਾਰਿਆਂ ਨੇ ਪਹਿਲਾਂ ਹਰਪ੍ਰੀਤ ਸਿੰਘ ਦੇ ਘਰ ਕੇਕ ਕੱਟਿਆ ਤੇ ਫਿਰ ਜਸ਼ਨ ਮਨਾਉਣ ਲਈ ਪਿੰਡ ਵਿੱਚ ਪੈਟਰੋਲ ਪੰਪ ਦੇ ਸਾਹਮਣੇ ਚਿਕਨ ਹੱਟ ਉੱਤੇ ਗਏ। ਇਸ ਦੌਰਾਨ ਉਥੇ ਮੌਜੂਦ ਨੌਜਵਾਨਾਂ ਵਿੱਚੋਂ ਮਨਦੀਪ ਸਿੰਘ ਤੇ ਹਰਪ੍ਰੀਤ ਸਿੰਘ ਚੰਗਣਾ ਦੀ ਰਣਦੀਪ ਸਿੰਘ ਨਾਲ ਬਹਿਸ ਹੋ ਗਈ। ਗੱਲ ਇੰਨੀ ਵਧ ਗਈ ਕਿ ਗੁੱਸੇ ਵਿੱਚ ਆਏ ਹਰਪ੍ਰੀਤ ਚੰਗਣਾ ਤੇ ਮਨਦੀਪ ਨੇ ਰਣਦੀਪ ਸਿੰਘ ਉੱਤੇ ਚਾਕੂ ਨਾਲ ਹਮਲਾ ਕਰ ਦਿੱਤਾ। ਬੁਰੀ ਤਰ੍ਹਾਂ ਜ਼ਖਮੀ ਹੋਏ ਰਣਦੀਪ ਸਿੰਘ ਨੂੰ ਜਦੋਂ ਉਸ ਦਾ ਭਰਾ ਰਵਿੰਦਰਜੀਤ ਸਿੰਘ ਤੇ ਇੱਕ ਹੋਰ ਵਿਅਕਤੀ ਲਖਬੀਰ ਸਿੰਘ ਛੁਡਾਉਣ ਲਈ ਅੱਗੇ ਆਏ ਤਾਂ ਉਨ੍ਹਾਂ ਉੱਤੇ ਵੀ ਚਾਕੂਆਂ ਦੇ ਵਾਰ ਕੀਤੇ, ਜਿਸ ਨਾਲ ਇਹ ਦੋਵੇਂ ਗੰਭੀਰ ਜ਼ਖਮੀ ਹੋ ਗਏ। ਤਿੰਨੇ ਜ਼ਖਮੀਆਂ ਨੂੰ ਸਥਾਨਕ ਸਿਵਲ ਹਸਪਤਾਲ ਲਿਆਂਦਾ ਗਿਆ ਤਾਂ ਡਾਕਟਰਾਂ ਨੇ ਰਣਦੀਪ ਨੂੰ ਮ੍ਰਿਤਕ ਐਲਾਨ ਦਿੱਤਾ। ਲਖਬੀਰ ਅਤੇ ਰਵਿੰਦਰਜੀਤ ਦੀ ਹਾਲਤ ਗੰਭੀਰ ਬਣੀ ਹੋਈ ਹੈ। ਪੁਲਸ ਨੇ ਰਣਦੀਪ ਸਿੰਘ (23) ਦੇ ਕਤਲ ਦੇ ਦੋਸ਼ ਹੇਠ ਮਨਦੀਪ ਸਿੰਘ ਵਾਸੀ ਦਸਮੇਸ਼ ਨਗਰ ਜਗਰਾਓਂ ਤੇ ਹਰਪ੍ਰੀਤ ਸਿੰਘ ਪਿੰਡ ਚੱਗਣਾ ਖਿਲਾਫ ਕੇਸ ਦਰਜ ਕਰ ਲਿਆ ਹੈ।

## ਖ਼ੁਦਕੁਸ਼ੀ ਕੇਸ ਵਿੱਚ ਨਾਮਜ਼ਦ ਵਿਅਕਤੀ ਨੇ ਫਾਹਾ ਲੈ ਲਿਆ

ਅੰਮ੍ਰਿਤਸਰ, 15 ਨਵੰਬਰ (ਪੋਸਟ ਬਿਊਰੋ)- ਇੱਕ ਖ਼ੁਦਕੁਸ਼ੀ ਕੇਸ ਵਿੱਚ ਨਾਮਜ਼ਦ ਕੀਤੇ ਵਿਅਕਤੀ ਨੇ ਮਾਨਸਿਕ ਤਣਾਅ ਕਾਰਨ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਉਸ ਦੀ ਪਛਾਣ ਰੇਲਵੇ ਵਿਭਾਗ ਦੇ ਮੁਲਾਜ਼ਮ ਅਰਵਿੰਦਰ ਸਿੰਘ ਵਜੋਂ ਹੋਈ ਹੈ।ਇਸ ਬਾਰੇ ਮ੍ਰਿਤਕ ਦੇ ਭਰਾ ਜਤਿੰਦਰ ਸਿੰਘ ਵੱਲੋਂ ਕੀਤੀ ਸ਼ਿਕਾਇਤ ਉੱਤੇ ਪੁਲਸ ਨੇ ਕੇਸ ਦਰਜ ਕੀਤਾ ਅਤੇ ਪਰਮਜੀਤ ਸਿੰਘ ਅਤੇ ਉਸ ਦੇ ਪਰਵਾਰਕ ਮੈਂਬਰਾਂ ਨੂੰ ਨਾਮਜ਼ਦ ਕੀਤਾ ਹੈ।

ਸ਼ਿਕਾਇਤਕਰਤਾ ਨੇ ਆਖਿਆ ਕਿ ਉਸ ਦੇ ਭਰਾ ਨੂੰ ਝੂਠੇ ਕੇਸ ਵਿੱਚ ਨਾਮਜ਼ਦ ਕੀਤਾ ਗਿਆ ਸੀ। ਰੇਲ ਵਿਭਾਗ ਵਿੱਚ ਕੰਮ ਕਰਦੀ ਸਿਮਰਨਜੀਤ ਕੌਰ ਨੇ ਕੁਝ ਦਿਨ ਪਹਿਲਾਂ ਖ਼ੁਦਕੁਸ਼ੀ ਕਰ ਲਈ ਸੀ, ਜਿਸ ਪਿੱਛੋਂ ਸਿਮਰਨਜੀਤ ਕੌਰ ਦੇ ਪਰਵਾਰ ਦੀ ਸ਼ਿਕਾਇਤ ਉੱਤੇ ਅਰਵਿੰਦਰ ਸਿੰਘ ਤੇ ਹੋਰਨਾਂ ਨੂੰ ਨਾਮਜ਼ਦ ਕੀਤਾ ਗਿਆ ਸੀ। ਉਸ ਨੇ ਦੱਸਿਆ ਕਿ ਉਸ ਦਾ ਭਰ ਇਸੇ ਕਾਰਨ ਮਾਨਸਿਕ ਤਣਾਅ ਵਿੱਚ ਸੀ ਅਤੇ ਉਸ ਨੇ ਪੱਖੇ ਨਾਲ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਇਸ ਦਾ ਪਤਾ ਲੱਗਣ ਉੱਤੇ ਉਹ ਉਸ ਨੂੰ ਗੁਰੂ ਰਾਮਦਾਸ ਹਸਪਤਾਲ ਲੈ ਕੇ ਗਏ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਉਸ ਨੇ ਦੋਸ਼ ਲਾਇਆ ਕਿ ਸਿਮਰਨਜੀਤ ਕੌਰ ਦੇ ਪਰਵਾਰ ਵੱਲੋਂ ਲਾਏ ਝੂਠੇ ਦੋਸ਼ਾਂ ਕਾਰਨ ਮਾਨਸਿਕ ਪ੍ਰੇਸ਼ਨੀ ਦੀ ਸਥਿਤੀ ਵਿੱਚ ਉਸ ਦੇ ਭਰਾ ਨੇ ਖ਼ੁਦਕੁਸ਼ੀ ਕੀਤੀ ਹੈ।

# ਸੀ ਬੀ ਆਈ ਅਤੇ ਈ ਡੀ ਦਾ ਮੁਖੀਆਂ ਦਾ ਕਾਰਜਕਾਲ ਵਧਾਉਣ ਲਈ ਆਰਡੀਨੈਂਸ

* ਦੋ ਦੀ ਥਾਂ ਕਾਰਜਕਾਲ ਵਧਾ ਕੇ ਪੰਜ ਸਾਲ ਕੀਤਾ ਗਿਆ




ਨਵੀਂ ਦਿੱਲੀ, 15 ਨਵੰਬਰ (ਪੋਸਟ ਬਿਊਰੋ)- ਭਾਰਤ ਦੇ ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਅਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੇ ਡਾਇਰੈਕਟਰਾਂ ਦਾ ਕਾਰ-ਜਕਾਲ ਅੱਗੇ ਤੋਂ ਵੱਧ ਤੋਂ ਵੱਧ ਪੰਜ ਸਾਲਾਂ ਤਕ ਦਾ ਹੋਵੇਗਾ। ਕੇਂਦਰ ਸਰਕਾਰ ਨੇ ਇਸ ਬਾਰੇ ਕੱਲ੍ਹ ਦੋ ਆਰਡੀਨੈਂਸ ਜਾਰੀ ਕੀਤੇ ਹਨ, ਜੋ ਤੁਰੰਤ ਲਾਗੂ ਹੋ ਗਏ ਹਨ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਦੋਵਾਂ ਜਾਂਚ ਏਜੰਸੀਆਂ ਦੇ ਮੁਖੀਆਂ ਦਾ ਕਾਰਜਕਾਲ ਦੋ ਸਾਲ ਤਕ ਹੁੰਦਾ ਸੀ। ਸੁਪਰੀਮ ਕੋਰਟ ਵੱਲੋਂ ਵਿਨੀਤ ਨਾਰਾਇਣ ਕੇਸ ਵਿੱਚ ਦਿੱਤੇ ਹੁਕਮਾਂ ਪਿੱਛੋਂ ਸੀ ਬੀ ਆਈ ਅਤੇ ਈ ਡੀ ਦੇ ਡਾਇਰੈਕਟਰਾਂ ਦਾ ਕਾਰਜਕਾਲ ਉਨ੍ਹਾਂ ਦੀ ਨਿਯੁਕਤੀ ਦੀ ਤਰੀਕ ਤੋਂ ਦੋ ਸਾਲਾਂ ਦਾ ਰੱਖਿਆ ਗਿਆ ਸੀ। ਈ ਡੀ ਦੇ ਡਾਇਰੈਕਟਰ ਐਸ ਕੇ ਮਿਸ਼ਰਾ (1984 ਬੈਚ ਦੇ ਆਈ ਆਰ ਐਸ ਅਫਸਰ) ਦੀ ਸੇਵਾਮੁਕਤੀ ਤੋਂ ਮਸਾਂ ਤਿੰਨ ਦਿਨ ਪਹਿਲਾਂ ਸੈਂਟਰਲ ਵਿਜੀਲੈਂਸ ਕਮਿਸ਼ਨ ਦੀ ਸੋਧ ਦਾ ਆਰਡੀਨੈਂਸ ਜਾਰੀ ਕਰ ਦਿੱਤਾ ਗਿਆ ਹੈ। ਭਾਰਤ ਸਰਕਾਰ ਨੇ ਮਿਸ਼ਰਾ ਦਾ ਦੋ ਸਾਲ ਦਾ ਕਾਰਜਕਾਲ ਮੁਕੰਮਲ ਹੋਣ ਮਗਰੋਂ 2020 ਵਿੱਚ ਉਨ੍ਹਾਂ ਦੀ ਸੇਵਾ ਵਿੱਚ ਇੱਕ ਹੋਰ ਸਾਲ ਦਾ ਵਾਧਾ ਕੀਤਾ ਸੀ ਤਾਂ ਉਨ੍ਹਾਂ ਦੇ ਕਾਰਜਕਾਲ ਵਿੱਚ ਵਾਧੇ ਦਾ ਮਾਮਲਾ ਸੁਪਰੀਮ ਕੋਰਟ ਵਿੱਚ ਪਹੁੰਚਿਆ ਸੀ ਅਤੇ ਅਦਾਲਤ ਨੇ ਸੇਵਾ ਵਾਧੇ ਨੂੰ ਰੱਦ ਨਹੀਂ ਕੀਤਾ ਸੀ, ਪਰ ਸਰਕਾਰ ਨੂੰ ਕਿਹਾ ਸੀ ਕਿ ਉਹ ਮਿਸ਼ਰਾ ਦਾ ਕਾਰਜਕਾਲ 17 ਨਵੰਬਰ ਪਿੱਛੋਂ ਹੋਰ ਨਾ ਵਧਾਏ। ਅਧਿਕਾਰੀਆਂ ਨੇ ਕਿਹਾ ਕਿ ਤਾਜ਼ਾ ਆਰਡੀਨੈਂਸ ਆਉਣ ਨਾਲ ਇਹ ਦੇਖਣਾ ਹੋਵੇਗਾ ਕਿ ਮਿਸ਼ਰਾ ਈ ਡੀ ਦੇ ਡਾਇਰੈਕਟਰ ਬਣੇਰਹਿੰਦੇ ਹਨ ਜਾਂ ਨਹੀਂ। ਰਾਸ਼ਟਰਪਤੀ ਰਾਮਨਾਥ ਕੋਵਿੰਦ ਦੀ ਪ੍ਰਵਾਨਗੀ ਵਾਲੇ ਆਰਡੀਨੈਂਸ ਵਿੱਚ ਕਿਹਾ ਗਿਆ ਹੈ ਕਿ ਜਨਤਕ ਹਿੱਤ ਵਿੱਚ ਕਮੇਟੀ ਦੀ ਸਿਫਾਰਸ ਉੱਤੇ ਇਨਫੋਰਸਮੈਂਟ ਦੇ ਡਾਇਰੈਕਟਰ ਦਾ ਕਾਰਜਕਾਲ ਇੱਕ ਹੋਰ ਸਾਲ ਵਧਾਇਆ ਜਾ ਸਕਦਾ ਹੈ। ਉਂਝ ਨਿਯੁਕਤੀ ਤੋਂ ਪੰਜ ਸਾਲ ਮੁਕੰਮਲ ਹੋਣ ਪਿੱਛੋਂ ਸੇਵਾਕਾਲ ਵਿੱਚ ਵਾਧਾ ਨਹੀਂ ਕੀਤਾ ਜਾਵੇਗਾ।

ਈ ਡੀ ਲਈ ਡਾਇਰੈਕਟਰ ਦੀ ਨਿਯੁਕਤੀ ਕੇਂਦਰ ਸਰਕਾਰ ਵੱਲੋਂ ਸੈਂਟਰਲ ਵਿਜੀਲੈਂਸ ਕਮਿਸ਼ਨਰ ਅਤੇ ਮੈਂਬਰਾਂ ਦੀ ਅਗਵਾਈ ਹੇਠਲੀ ਕਮੇਟੀ ਦੀ ਸਿਫਾਰਸ਼ ਨਾਲ ਕੀਤੀ ਜਾਂਦੀ ਹੈ। ਨਰਿੰਦਰ ਮੋਦੀ ਸਰਕਾਰ ਨੇ ਦਿੱਲੀ ਸਪੈਸ਼ਲ ਪੁਲਸ ਐਸਟੈਬਲਿਸ਼ਮੈਂਟ (ਸੋਧ) ਆਰਡੀਨੈਂਸ ਵੀ ਲਿਆਂਦਾ ਹੈ। ਸੀ ਬੀ ਆਈ ਦੇ ਡਾਇਰੈਕਟਰ ਦੀ ਚੋਣ ਪ੍ਰਧਾਨ ਮੰਤਰੀ, ਭਾਰਤ ਦੇ ਚੀਫ ਜਸਟਿਸ ਅਤੇ ਵਿਰੋਧੀ ਧਿਰ ਦੇ ਆਗੂ ਉੱਤੇ ਆਧਾਰਤ ਕਮੇਟੀ ਦੀ ਸਿਫਾਰਸ਼ ਉੱਤੇਹੁੰਦੀ ਹੈ। ਸੀ ਬੀ ਆਈ ਅਤੇ ਈ ਡੀ ਦੇ ਮੁਖੀਆਂ ਦਾ ਸੇਵਾਕਾਲ ਦੋ ਸਾਲ ਤੈਅ ਕਰਨ ਦਾ ਮਕਸਦ ਉਨ੍ਹਾਂ ਨੂੰ ਸਰਕਾਰ ਦੇ ਦਖਲਬਿਨਾਂ ਕੰਮ ਕਰਨ ਦੀ ਖੁੱਲ੍ਹ ਦੇਣਾ ਸੀ ਤਾਂ ਜੋ ਉਹ ਬੇਫਿਕਰ ਹੋ ਕੇ ਜਾਂਚ ਦੇ ਕੰਮਾਂ ਨੂੰ ਅੱਗੇ ਵਧਾ ਸਕਣ।

ਕਾਂਗਰਸ, ਤ੍ਰਿਣਮੂਲ ਕਾਂਗਰਸ ਅਤੇ ਸੀ ਪੀ ਐਮ ਨੇ ਸੀ ਬੀ ਆਈ ਅਤੇ ਈ ਡੀ ਦੇ ਡਾਇਰੈਕਟਰਾਂ ਦਾ ਕਾਰਜਕਾਲ ਵਧਾਉਣ ਲਈ ਕੇਂਦਰ ਸਰਕਾਰ ਦੀ ਆਲੋਚਨਾ ਕਰਦਿਆਂ ਸਵਾਲ ਕੀਤਾ ਹੈ ਕਿ ਉਸ ਨੇ ਪਾਰਲੀਮੈਂਟ ਦੇ ਸਰਦ ਰੁੱਤ ਦੇ ਸੈਸ਼ਨ ਦੀ ਉਡੀਕ ਕਿਉਂ ਨਹੀਂ ਕੀਤੀ। ਪਾਰਲੀਮੈਂਟ ਦਾ ਇਜਲਾਸ 29 ਨਵੰਬਰ ਤੋਂ ਸ਼ੁਰੂ ਹੋਣ ਵਾਲਾ ਹੈ। ਕਾਂਗਰਸ ਪਾਰਟੀ ਦੇ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਸਰਕਾਰਾਂ ਬਣਾਉਣ ਤੇ ਵਿਰੋਧੀ ਧਿਰ ਦੀਆਂ ਸਰਕਾਰਾਂ ਡੇਗਣ ਲਈ ਕੇਂਦਰ ਸਰਕਾਰ ਜਾਂਚ ਏਜੰਸੀਆਂ ਦੀ ਪਿੱਠੂ ਵਜੋਂ ਵਰਤੋਂ ਕਰਦੀ ਹੈ। ਸੀ ਪੀ ਐਮ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਨੇ ਟਵੀਟ ਕਰ ਕੇ ਕਿਹਾ ਕਿ ਆਪਣੀ ਪੜਤਾਲ ਤੋਂ ਬਚਣ ਲਈ ਕੇਂਦਰ ਸਰਕਾਰ ਕੱਲ੍ਹ ਆਰਡੀਨੈਂਸ ਲੈ ਕੇ ਆਈ ਹੈ। ਕਾਹਲੀ ਵਿੱਚ ਲਏ ਗਏ ਇਸ ਫੈਸਲੇ ਵਿੱਚ ਕੁਝ ਕਾਲਾ ਨਜ਼ਰ ਆ ਰਿਹਾ ਹੈ। ਰਾਜ ਸਭਾ ਵਿੱਚ ਟੀ ਐਮ ਸੀ ਦੇ ਮੈਂਬਰ ਡੈਰੇਕ ਓਬ੍ਰਾਇਨ ਨੇ ਕਿਹਾ ਕਿ ਪਾਰਲੀਮੈਂਟ ਦਾ ਮਾਖੌਲ ਉਡਾਉਣ ਲਈ ਆਰਡੀਨੈਂਸ ਲਿਆਂਦੇ ਗਏ ਹਨ। ਉਨ੍ਹਾਂ ਆਪਣੇ ਟਵੀਟ ਵਿੱਚ ਕਿਹਾ ਕਿ ਕਿਵੇਂ ਮੋਦੀ-ਸ਼ਾਹ ਦੀ ਭਾਜਪਾ ਟੀਮ ਸੰਸਦ ਦਾ ਮਾਖੌਲ ਉਡਾ ਕੇ ਆਰਡੀਨੈਂਸਾਂ ਦੀ ਬੇਸ਼ਰਮੀ ਨਾਲ ਵਰਤੋਂ ਕਰਦੀ ਹੈ, ਇਸ ਦੀ ਇਹ ਇੱਕ ਮਿਸਾਲ ਹੈ। ਉਨ੍ਹਾਂ ਕਿਹਾ ਕਿ ਈ ਡੀ ਅਤੇ ਸੀ ਬੀ ਆਈ ਵਿੱਚ ਆਪਣੇ 'ਪਾਲਤੂ ਤੋਤੇ' ਨੂੰ ਬਣਾਈ ਰੱਖਣ ਲਈ ਸਟੰਟ ਨੂੰ ਦੁਹਰਾਇਆ ਗਿਆ ਹੈ।

# ਦਿੱਲੀ ਦੇ ਦੋ ਭਰਾਵਾਂ ਨੂੰ ਅੰਤਰਰਾਸ਼ਟਰੀ ਬਾਲ ਸ਼ਾਂਤੀ ਐਵਾਰਡ



ਦਿ ਹੇਗ, 15 ਨਵੰਬਰ (ਪੋਸਟ ਬਿਊਰੋ)- ਦਿੱਲੀ ਦੇ ਰਹਿਣ ਵਾਲੇ ਦੋ ਸਕੇ ਭਰਾਵਾਂ ਵਿਹਾਨ (17) ਅਤੇ ਨਵ ਅਗਰਵਾਲ (14) ਨੂੰ 'ਇੰਟਰਨੈਸ਼ਨਲ ਚਿਲਡਰਨ ਪੀਸ ਐਵਾਰਡ'ਮਿਲਿਆ ਹੈ। ਉਨ੍ਹਾਂ ਨੂੰ ਇਹ ਐਵਾਰਡ ਆਪਣੇ ਘਰ ਦੀ ਰਹਿੰਦ-ਖੂੰਹਦ ਅਤੇ ਪ੍ਰਦੂਸ਼ਣ ਘੱਟ ਕਰਨ ਅਤੇ ਰੁੱਖ ਲਾਉਣ ਦਾ ਪ੍ਰਾਜੈਕਟ ਸ਼ੁਰੂ ਕਰਨ ਲਈ ਦਿੱਤਾ ਗਿਆ ਹੈ।

ਨੋਬਲ ਸ਼ਾਂਤੀ ਇਨਾਮ ਜੇਤੂ ਭਾਰਤੀ ਕੈਲਾਸ਼ ਸੱਤਿਆਰਥੀ ਨੇ ਕੱਲ੍ਹ ਨੀਦਰਲੈਂਡ ਦੇ ਸ਼ਹਿਰ ਹੇਗ ਵਿੱਚ ਦੋਵਾਂ ਭਰਾਵਾਂ ਨੂੰ ਪੁਰਸਕਾਰ ਦਿੱਤਾ। ਇਸ ਪੁਰਸਕਾਰ ਦੇ ਤਹਿਤ ਦੋਵਾਂ ਭਰਾਵਾਂ ਨੂੰ ਸਿੱਖਿਆ ਅਤੇ ਦੇਖਭਾਲ ਲਈ ਗ੍ਰਾਂਟ ਅਤੇ ਇੱਕ ਲੱਖ ਯੂਰੋ ਯਾਨੀ ਕਰੀਬ 85 ਲੱਖ ਰੁਪਏ ਫ਼ੰਡ ਮਿਲੇਗਾ, ਜਿਸ ਵਿੱਚ ਅੱਧਾ ਹਿੱਸਾ ਉਨ੍ਹਾਂ ਦੇ ਪ੍ਰਾਜੈਕਟ ਵਿੱਚ ਜਾਵੇਗਾ। 17 ਸਾਲਾ ਵਿਹਾਨ ਤੇ 14 ਸਾਲ ਦੇ ਨਵ ਨੇ ਕਿਹਾ ਕਿ ਉਹ ਇਸ ਇਨਾਮ ਤੇ ਇਸ ਨਾਲ ਮਿਲੀ ਪਛਾਣ ਦੀ ਵਰਤੋਂ ਆਪਣੇ ਨੈਟਵਰਕ ਨੂੰ ਦੇਸ਼ ਵਿੱਚ ਅਤੇ ਇਸ ਤੋਂ ਬਾਹਰ ਫੈਲਾਉਣ ਲਈ ਕਰਨਗੇ। ਵਿਹਾਨ ਨੇ ਇਨਾਮ ਲੈਣ ਤੋਂ ਇੱਕ ਦਿਨ ਪਹਿਲਾਂ ਦੱਸਿਆ, ''ਅਸੀਂ ਪੂਰੀ ਦੁਨੀਆ ਵਿੱਚ ਜ਼ੀਰੋ ਵੇਸਟ ਉਤਪਾਦਨ ਚਾਹੁੰਦੇ ਹਾਂ। ਇਸ ਦਾ ਮਤਲਬ ਇਹ ਹੈ ਕਿ ਇਹ ਸੰਦੇਸ਼ ਸਿਰਫ਼ ਭਾਰਤ ਵਿੱਚ ਹੀ ਨਹੀਂ, ਸੰਸਾਰ ਦੇ ਹਰ ਸ਼ਹਿਰ, ਹਰ ਕਸਬੇ ਅਤੇ ਹਰ ਪਿੰਡ ਤਕ ਪਹੁੰਚਣਾ ਚਾਹੀਦਾ ਹੈ।''ਦੋਵਾਂ ਭਰਾਵਾਂ ਨੂੰ 2017 ਵਿੱਚ ਦਿੱਲੀ ਵਿੱਚ ਇੱਕ ਲੈਂਡਫਿਲ ਸਾਈਟ ਦੇ ਢਹਿ ਜਾਣ ਅਤੇ ਘਟਨਾ ਤੋਂ ਅਗਲੇ ਦਿਨ ਸ਼ਹਿਰ ਵਿੱਚ ਫੈਲੇ ਪ੍ਰਦੂਸ਼ਣ ਤੋਂ ਬਾਅਦ ਰਹਿੰਦ-ਖੂੰਹਦ ਨੂੰ ਵੱਖ ਕਰਨ ਅਤੇ ਰੀਸਾਈਕਲ ਕਰਨ ਬਾਰੇ ਆਪਣੇ 'ਵਨ ਸਟੈਪ ਗ੍ਰੀਨਰ' ਪ੍ਰਾਜੈਕਟ ਦਾ ਵਿਚਾਰ ਆਇਆ। ਵਿਹਾਨ ਨੇ ਦੱਸਿਆ ਕਿ ਖ਼ਰਾਬ ਹਵਾ ਕਾਰਨ ਉਸ ਨੂੰ ਅਕਸਰ ਘਰ ਦੇ ਅੰਦਰ ਰਹਿਣਾ ਪੈਂਦਾ ਸੀ। ਉਸਦਾ ਸਟੈਪ ਗ੍ਰੀਨਰ ਪ੍ਰਾਜੈਕਟ ਹੁਣ 1500 ਤੋਂ ਵੱਧ ਘਰਾਂ, ਸਕੂਲਾਂ ਅਤੇ ਦਫ਼ਤਰਾਂ ਤਕ ਪਹੁੰਚ ਚੁੱਕਾ ਹੈ।

# ਮਹਾਰਾਸ਼ਟਰ ਵਿੱਚ ਦੋ ਜਣਿਆਂ ਵੱਲੋਂ ਸੈਕਟਰੀਏਟ ਦੇ ਬਾਹਰ ਖ਼ੁਦਕੁਸ਼ੀ ਦੀ ਕੋਸ਼ਿਸ਼

ਮੁੰਬਈ, 15 ਨਵੰਬਰ (ਪੋਸਟ ਬਿਊਰੋ)- ਮਹਾਰਾਸ਼ਟਰ ਰਾਜ ਸੜਕ ਆਵਾਜਾਈ ਨਿਗਮ (ਐਮ ਐਸ ਆਰ ਟੀ ਸੀ) ਦੇ ਕਰਮਚਾਰੀਆਂ ਦੀ ਹੜਤਾਲ ਦੇ ਸਮਰਥਨ ਵਿੱਚ ਮਹਾਰਾਸ਼ਟਰ ਸੈਕਟਰੀਏਟ ਦੇ ਬਾਹਰ ਕੱਲ੍ਹ ਦੋ ਜਣਿਆਂ ਨੇ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ। ਪੁਲਸ ਅਧਿਕਾਰੀ ਨੇ ਦੱਸਿਆ ਕਿ ਬਾਅਦ ਵਿੱਚ ਇਨ੍ਹਾਂ ਦੋਨਾਂ ਵਿਅਕਤੀਆਂ ਅਤੇ ਇਨ੍ਹਾਂ ਦੇ ਨਾਲ ਮੌਜੂਦ ਅਤੇ ਸੜਕ ਦੇ ਵਿੱਚ ਪ੍ਰਦਰਸ਼ਨ ਕਰ ਰਹੀਆਂ ਚਾਰ ਔਰਤਾਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ।

ਜਨਸ਼ਕਤੀ ਪਾਰਟੀ ਦੇ ਵਰਕਰਾਂ ਦਾ ਇੱਕ ਗਰੁੱਪ ਪ੍ਰਦਰਸ਼ਨ ਕਰਨ ਲਈ ਮੁੰਬਈ ਵਿਚਲੇ ਰਾਜ ਸੈਕਟਰੀਏਟ 'ਮੰਤਰਾਲੇ' ਦੇ ਬਾਹਰ 11 ਵਜੇ ਪਹੁੰਚਿਆ। ਅਧਿਕਾਰੀ ਨੇ ਕਿਹਾ ਕਿ ਵਰਕਰਾਂ ਨੇ ਐਮ ਐਸ ਆਰ ਟੀ ਸੀ ਮੁਲਾਜ਼ਮਾਂ ਦੀ ਮੰਗ ਪੂਰੀ ਨਾ ਹੋਣ ਉੱਤੇ ਸਰਕਾਰ ਦੇ ਵਿਰੁੱਧ ਵਿੱਚ ਨਾਅਰੇ ਲਾਏ। ਵਰਨਣ ਯੋਗ ਹੈ ਕਿ ਪਿਛਲੇ ਮਹੀਨੇ ਤੋਂ ਐਮ ਐਸ ਆਰ ਟੀ ਸੀ ਦੇ ਮੁਲਾਜ਼ਮ ਇਸ ਨਿਗਮ ਦੀ ਰਾਜ ਸਰਕਾਰ ਵਿੱਚ ਰਲੇਵੇਂ ਦੀ ਮੰਗ ਲਈ ਹੜਤਾਲ ਉੱਤੇ ਹਨ। ਅਧਿਕਾਰੀ ਨੇ ਦੱਸਿਆ ਕਿ ਪ੍ਰਦਰਸ਼ਨ ਕਰਦੇ ਲੋਕਾਂ ਵਿੱਚੋਂ ਦੋ ਜਣਿਆਂ ਨੇ ਆਪਣੇ ਉਪਰ ਮਿੱਟੀ ਦਾ ਤੇਲ ਪਾ ਕੇ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਅਤੇ ਚਾਰ ਔਰਤਾਂ ਨੇ ਸੜਕ ਵਿਚਾਲੇ ਪ੍ਰਦਰਸ਼ਨ ਕੀਤਾ। ਅਧਿਕਾਰੀਆਂ ਨੇ ਕਿਹਾ ਕਿ ਉਥੇਹਾਜ਼ਰ ਪੁਲਸ ਕਰਮਚਾਰੀਆਂ ਨੇ ਦੋਹਾਂ ਵਿਅਕਤੀਆਂ ਨੂੰ ਫੜ ਲਿਆ ਅਤੇ ਖ਼ੁਦਕੁਸ਼ੀ ਦੀ ਕੋਸ਼ਿਸ਼ ਨੂੰ ਫੇਲ ਕਰ ਦਿੱਤਾ।ਇਸ ਦੇ ਬਾਅਦ ਪੁਲਸ ਕਰਮਚਾਰੀ ਦੋਹਾਂ ਵਿਅਕਤੀਆਂ ਅਤੇ ਚਾਰ ਮਹਿਲਾ ਪ੍ਰਦਰਸ਼ਨਕਾਰੀਆਂ ਨੂੰ ਮਰੀਨ ਡਰਾਈਵਰ ਥਾਣੇ ਲੈ ਗਏ।

# ਇੰਗਲੈਂਡ ਦੇ ਸ਼ਹਿਰ ਲਿਵਰਪੂਲ ਵਿੱਚ ਧਮਾਕੇ ਕਾਰਨ ਇੱਕ ਦੀ ਮੌਤ

ਲੈਸਟਰ, 15 ਨਵੰਬਰ (ਪੋਸਟ ਬਿਊਰੋ)- ਇੰਗਲੈਂਡ ਦੇ ਸ਼ਹਿਰ ਲਿਵਰਪੂਲ ਵਿੱਚ ਕੱਲ੍ਹ 11 ਵਜੇ ਦੇ ਕਰੀਬ ਹਸਪਤਾਲ ਦੇ ਬਾਹਰ ਹੋਏ ਜ਼ਬਰਦਸਤ ਧਮਾਕੇ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ ਇੱਕ ਗੰਭੀਰ ਜ਼ਖ਼ਮੀ ਗਿਆ। ਮਿਲੀ ਜਾਣਕਾਰੀ ਅਨੁਸਾਰ ਲਿਵਰਪੂਲ ਦੇ ਜਨਾਨਾ ਹਸਪਤਾਲ ਦੀ ਪਾਰਕਿੰਗ ਵਿੱਚ ਇੱਕ ਟੈਕਸੀ ਵਿੱਚ ਧਮਾਕਾ ਹੋਇਆ, ਜਿਸ ਵਿੱਚ ਇੱਕ ਆਦਮੀ ਦੀ ਮੌਤ ਹੋ ਗਈ ਅਤੇ ਇੱਕ ਗੰਭੀਰ ਜ਼ਖ਼ਮੀ ਹੋ ਗਿਆ। ਸਥਾਨਕ ਪੁਲਸ ਵੱਲੋਂ ਇਸ ਧਮਾਕੇ ਸਬੰਧੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਇਹ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਇਸ ਧਮਾਕੇ ਵਿੱਚ ਮਾਰਿਆ ਗਿਆ ਵਿਅਕਤੀ ਹੀ ਧਮਾਕੇ ਵਾਲੀ ਕਾਰ ਦਾ ਮਾਲਕ ਹੈ ਜਾਂ ਕੋਈ ਹੋਰ। ਪੁਲਸ ਵੱਲੋਂ ਇਸ ਘਟਨਾ ਨੂੰ ਅੱਤਵਾਦੀ ਕਾਰਵਾਈ ਨਾਲ ਵੀ ਜੋੜ ਕੇ ਇਸ ਸਬੰਧੀ ਛਾਣਬੀਣ ਕਰ ਰਹੀ ਹੈ।


# ਦੁਬਈ ਸ਼ੋਅ ਦੇ ਪਹਿਲੇ ਦਿਨ ਹੀ ਅਰਬਾਂ ਡਾਲਰਾਂ ਦੇ ਸੌਦੇ





ਦੁਬਈ, 15 ਨਵੰਬਰ (ਪੋਸਟ ਬਿਊਰੋ)- ਦੁਬਈ ਦਾ ਦੋ ਸਾਲਾ ਏਅਰ ਸ਼ੋਅ ਕੱਲ੍ਹ ਸ਼ੁਰੂ ਹੋ ਗਿਆ। ਬੀਤੇ ਦੋ ਸਾਲਾਂ ਵਿੱਚ ਦੁਨੀਆ ਦੇ ਹਵਾਬਾਜ਼ੀ ਉਦਯੋਗ ਉੱਤੇ ਕੋਵਿਡ ਮਹਾਮਾਰੀ ਦਾ ਕਾਲਾਪਰਛਾਵਾਂਰਿਹਾ ਹੈ, ਪਰ ਇਹ ਉਸ ਵਿੱਚੋਂ ਉਭਰਨ ਦੇ ਸੰਕੇਤ ਦੇ ਰਿਹਾ ਹੈ। ਹਮੇਸ਼ਾ ਵਾਂਗ ਇਸ ਵਾਰ ਵੀ ਬੋਇੰਗ ਅਤੇ ਏਅਰਬੱਸ ਪੂਰੀ ਸ਼ਾਨ ਨਾਲ ਇਸ ਵਿੱਚ ਸ਼ਾਮਲ ਹਨ। ਇਨ੍ਹਾਂ ਦੀ ਨਜ਼ਰ ਖਾੜੀ ਦੇਸ਼ਾਂ ਦੀਆਂ ਏਅਰਲਾਈਨ ਕੰਪਨੀਆਂ ਨੂੰ ਖਿੱਚਣ ਵੱਲ ਹੈ।

ਪੰਜ ਦਿਨ ਦੇ ਇਸ ਸ਼ੋਅ ਵਿੱਚ ਅਰਬਾਂ ਡਾਲਰ ਦੇ ਸੌਦੇ ਹੋਣ ਦੀ ਆਸ ਹੈ। ਏਅਰਬੱਸ ਨੇ ਇੰਡੀਗੋ ਪਾਰਟਰਨਸ ਨਾਲ 255 ਨਵੇਂ ਜਹਾਜ਼ਾਂ ਦਾ ਸੌਦਾ ਹੋਣ ਦਾ ਐਲਾਨ ਕੀਤਾ ਹੈ। ਬਜਟ ਸਰਵਿਸ ਦੇਣ ਵਾਲੀ ਕੰਪਨੀ ਵਿਜ ਏਅਰ ਵੱਲੋਂ 102 ਜਹਾਜ਼ ਖਰੀਦਣ, ਯੂ ਐਸ ਫਰੰਟੀਅਰ ਦੇ 91, ਮੈਕਸੀਕੋ ਦੇ ਵਾਲਾਰਿਸ ਦੇ 39 ਅਤੇ ਦੱਖਣੀ ਅਮਰੀਕਾ ਦੀ ਜੈਟ ਸਮਾਰਟ ਕੰਪਨੀ ਦੇ 23 ਜਹਾਜ਼ ਖਰੀਦਣ ਲਈ ਏਅਰਬੱਸ ਨਾਲ ਸਮਝੌਤਾ ਹੋਣ ਦੀ ਸੂਚਨਾ ਹੈ। ਬਹੁਤੇ ਸਮਝੌਤੇ ਏ 321 ਨੀਓ ਅਤੇ ਏ 321 ਐਕਸ ਐਲ ਆਰ ਜਹਾਜ਼ਾਂ ਦੀ ਖਰੀਦ ਦੇ ਹੋਏ ਹਨ। ਏਅਰ ਸ਼ੋਅ ਵਿੱਚ ਬੋਇੰਗ ਨਵਾਂ 777-9 ਪੈਸੰਜਰ ਜਹਾਜ਼ ਲੈ ਕੇ ਆਈ ਹੈ। ਇਹ ਜਹਾਜ਼ ਸਿਏਟਲ ਤੋਂ ਉਡ ਕੇ ਸਿੱਧਾ ਦੁਬਈ ਉਤਰਿਆ ਹੈ। ਬੋਇੰਗ ਨੇ ਕਿਹਾ ਕਿ ਇਹ ਦੁਨੀਆ ਸਭ ਤੋਂ ਵੱਡਾ ਅਤੇ ਸਭ ਤੋਂ ਜ਼ਿਆਦਾ ਭਰੋਸੇਯੋਗ ਦੋ ਇੰਜਣਾਂ ਵਾਲਾ ਜਹਾਜ਼ ਹੈ। ਦੁਬਈ ਦੇ ਏਅਰ ਸ਼ੋਅ ਦੇ ਉਦਘਾਟਨ ਦੇ ਮੌਕੇ ਉੱਤੇ ਭਾਰਤੀ ਹਵਾਈ ਦੀ ਸਾਰੰਗ ਐਰੋਬੈਟਿਕਸ ਟੀਮ ਤੇ ਤੇਜਸ ਲੜਾਕੂ ਜਹਾਜ਼ ਨੇ ਆਪਣੇ ਕਰਤਬ ਦਿਖਾਏ। ਭਾਰਤ ਵੱਲੋਂ ਪੰਜ ਧਰੁਵ ਹਲਕੇ ਲੜਾਕੂ ਹੈਲੀਕਾਪਟਰ ਵੀ ਏਅਰ ਸ਼ੋਅ ਵਿੱਚ ਭੇਜੇ ਗਏ ਹਨ।




# ਪੰਜਾਬ ਤੋਂ ਚਲਦੀ ਜਾਅਲੀ ਨੋਟਾਂ ਦੀ ਖੇਡ ਬੇਨਕਾਬ, ਪੰਜ ਜਣੇ ਕਾਬੂ

ਨਵੀਂ ਦਿੱਲੀ, 15 ਨਵੰਬਰ (ਪੋਸਟ ਬਿਊਰੋ)- ਦਿੱਲੀ ਪੁਲਸ ਦੇ ਸਪੈਸ਼ਲ ਸੈਲ ਨੇ ਦਿੱਲੀ-ਐਨ ਸੀ ਆਰ ਵਿੱਚ ਨਕਲੀ ਨੋਟਾਂ ਦੀ ਤਸਕਰੀ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼ ਕਰਕੇਕੱਲ੍ਹ ਗੈਂਗਸਟਰ ਸਮੇਤ ਪੰਜ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਾਅਲੀ ਨੋਟਾਂ ਦੀ ਖੇਡ ਪੰਜਾਬ ਤੋਂ ਚੱਲ ਰਹੀ ਸੀ। ਪੁਲਸ ਨੇ ਗਿਰੋਹ ਵਿੱਚ ਸ਼ਾਮਲ ਤਿੰਨ ਦੋਸ਼ੀਆਂ ਹਰਸ਼ ਗਿਰਧਰ (31) ਵਾਸੀ ਉਤਮ ਨਗਰ,ਕਰਨ ਸਿੰਘ (26) ਵਾਸੀ ਜਹਾਂਗੀਰਪੁਰੀ ਅਤੇ ਸਤੀਸ਼ ਗਰੋਵਰ (42) ਵਾਸੀ ਕਰਮਪੁਰ, ਦਿੱਲੀ ਨੂੰ ਦਿੱਲੀ ਵਿੱਚੋਂ ਅਤੇ ਦੋ ਦੋਸ਼ੀਆਂ ਨੂੰ ਪੰਜਾਬ ਵਿੱਚ ਛਾਪੇਮਾਰੀ ਕਰਕੇ ਗ੍ਰਿਫ਼ਤਾਰ ਕੀਤਾ ਹੈ।

ਪੰਜਾਬ ਤੋਂ ਹਰਸ਼ਦੀਪ ਸਿੰਘ (27) ਅਤੇ ਵਿਕਰਮਜੀਤ ਸਿੰਘ (33) ਨੂੰ ਦਿੱਲੀ ਪੁਲਸ ਨੇ ਕਾਬੂ ਕੀਤਾ। ਇਨ੍ਹਾਂ ਦੀ ਨਿਸ਼ਾਨੇਦਹੀ ਉੱਤੇ ਪੁਲਸ ਨੇ 100-100 ਰੁਪਏ ਮੁਲ ਦੇ ਛੇ ਲੱਖ ਜਾਅਲੀ ਨੋਟ ਜ਼ਬਤ ਕੀਤੇ ਹਨ। ਇਸ ਦੇ ਨਾਲ ਕੱਚਾ ਮਾਲ ਅਤੇ ਨੋਟਾਂ ਦੀ ਛਪਾਈ ਵਿੱਚ ਵਰਤਣ ਵਾਲੇ ਹੋਰ ਸਾਮਾਨ ਤੇ ਮਸ਼ੀਨਾਂ ਜ਼ਬਤ ਕੀਤੀਆਂ ਗਈਆਂ ਹੈ। ਪੁੱਛਗਿੱਛ ਵਿੱਚ ਪਤਾ ਲੱਗਾ ਕਿ ਦੋਸ਼ੀ ਦਿੱਲੀ-ਐਨ-ਸੀ ਆਰ ਵਿੱਚ 50 ਰੁਪਏ ਦੇ ਬਦਲੇ 100 ਰੁਪਏ ਦੇ ਨੋਟ ਨੂੰ ਬਾਜ਼ਾਰਾਂ ਵਿੱਚ ਖਰਚਦੇ ਸਨ। ਹਰਸ਼ਦੀਪ ਸਿੰਘ ਇਸ ਗਿਰੋਹ ਦਾ ਮੁਖੀ ਸੀ। ਦਿੱਲੀ ਪੁਲਸ ਦੇ ਸਪੈਸ਼ਲ ਸੈਲ ਦੇ ਡੀ ਸੀ ਪੀ ਰਾਜੀਵ ਰੰਜਨ ਸਿੰਘ ਨੇ ਦੱਸਿਆ ਕਿ ਟੀਮ ਨੂੰ ਸੂਚਨਾ ਮਿਲੀ ਸੀ ਕਿ ਦੋਸ਼ੀ 10 ਨਵੰਬਰ ਨੂੰ ਨਰਾਇਣ ਫਲਾਈ ਓਵਰ ਦੇ ਕੋਲ ਜਾਅਲੀ ਨੋਟ ਦੀ ਖੇਪ ਲੈ ਕੇ ਆਉਣ ਵਾਲਾ ਹੈ। ਪੁਲਸ ਦੀ ਇੱਕ ਟੀਮ ਦੇਰ ਰਾਤ ਮੌਕੇ ਉੱਤੇ ਪਹੁੰਚੀ ਅਤੇ ਉਥੋਂ ਤਸਕਰ ਹਰਸ਼ ਗਿਰਧਰ ਨੂੰ ਇੱਕ ਲੱਖ 80 ਹਜ਼ਾਰ ਰੁਪਏ ਦੇ ਜਾਅਲੀ ਨੋਟਾਂ ਨਾਲ ਕਾਬੂ ਕੀਤਾ। ਉਹ ਕਰਨ ਸਿੰਘ ਨੂੰ ਸਪਲਾਈ ਕਰਨ ਵਾਲਾ ਸੀ, ਜੋ ਦਿੱਲੀ-ਐਨ ਸੀ ਆਰ ਵਿੱਚ ਨੋਟਾਂ ਨੂੰ ਖਰਚਣ ਦਾ ਕੰਮ ਕਰਦਾ ਸੀ। ਟੀਮ ਨੇ ਉਸ ਨੂੰ ਵੀ ਫੜ ਲਿਆ। ਇਨ੍ਹਾਂ ਤੋਂ ਕੀਤੀ ਪੁੱਛਗਿੱਛ ਦੇ ਬਾਅਦ ਤੀਸਰੇ ਦੋਸ਼ੀ ਸਤੀਸ਼ ਗਰੋਵਰ ਨੂੰ ਕਰਮਪੁਰ ਤੋਂ ਕਾਬੂ ਕੀਤਾ ਗਿਆ। ਪੁੱਛਗਿੱਛ ਵਿੱਚ ਪਤਾ ਲੱਗਾ ਕਿ ਦੋਸ਼ੀਆਂ ਨੂੰ ਪੰਜਾਬ ਤੋਂ ਵਿਕਰਮਜੀਤ ਸਿੰਘ ਨਾਮੀ ਸ਼ਖ਼ਸ ਨੋਟ ਦਿੰਦਾ ਸੀ।ਟੀਮ ਨੇ ਗੁਰਦਾ-ਸਪੁਰ ਵਿੱਚ ਛਾਪਾਮਾਰੀ ਕਰਕੇ ਵਿਕਰਮ ਨੂੰ ਫੜਿਆ ਤਾ ਉਸ ਤੋਂ ਪਤਾ ਲੱਗਾ ਕਿ ਗਿਰੋਹ ਦਾ ਮੁਖੀਆ ਹਰਸ਼ਦੀਪ ਸਿੰਘ ਹੈ। ਬਾਅਦ ਵਿੱਚ ਪੁਲਸ ਨੇ ਉਸ ਨੂੰ ਅੰਮ੍ਰਿਤਸਰ ਤੋਂ ਕਾਬੂ ਕਰ ਕੇ ਉਸਦੀ ਨਿਸ਼ਾਨੇਦਹੀ ਉੱਤੇ ਤਿੰਨ ਲੱਖ ਰੁਪਏ ਦੇ ਨਕਲੀ ਨੋਟ ਫੜੇ। ਪੁਲਸ ਨੇ ਦੋਸ਼ੀਆਂ ਦੀ ਨਿਸ਼ਾਨੇਦਹੀ ਉੱਤੇ ਕੁੱਲ ਛੇ ਲੱਖ ਰੁਪਏ ਦੇ ਨਕਲੀ ਨੋਟ ਜ਼ਬਤ ਕੀਤੇ ਹਨ ਅਤੇ ਇਸ ਦੇ ਨਾਲ ਨੋਟਾਂ ਦੀ ਛਪਾਈ ਵਿੱਚ ਇਸਤੇਮ-ਾਲ ਹੋਣ ਵਾਲੀ ਪ੍ਰਿੰਟਿੰਗ ਮਸ਼ੀਨ ਦੇ ਇਲਾਵਾ ਹੋਰ ਸਾਮਾਨ ਵੀ ਬਰਾਮਦ ਕੀਤਾ ਹੈ।

# ਬਾਬਰੀ ਮਸਜਿਦ ਢਹਿਣ ਪਿੱਛੋਂ ਨਰਸਿਮਹਾ ਰਾਓ ਨੇ ਕਿਹਾ ਸੀ ਕਿ ਮੈਨੂੰ ਹਮਦਰਦੀ ਨਹੀਂ ਚਾਹੀਦੀ





ਨਵੀਂ ਦਿੱਲੀ, 15 ਨਵੰਬਰ (ਪੋਸਟ ਬਿਊਰੋ)- ਕਾਂਗਰਸ ਦੇ ਸੀਨੀਅਰ ਨੇਤਾ ਸਲਮਾਨ ਖੁਰਸ਼ੀਦ ਦੀ ਕਿਤਾਬ 'ਸਨਰਾਈਜ਼ ਓਵਰ ਅਯੋਧਿਆ-ਨੇਸ਼ਨਹੁਡ ਇੰਨ ਅਵਰ ਟਾਈਮਸ' ਵਿੱਚ ਜ਼ਿਕਰ ਹੈ ਕਿ 6 ਦਸੰਬਰ 1992 ਨੂੰ ਬਾਬਰੀ ਮਸਜਿਦ ਨੂੰ ਢਾਹੇ ਜਾਣ ਪਿੱਛੋਂ ਕੇਂਦਰੀ ਮੰਤਰੀ ਮੰਡਲ ਦੀ ਬੈਠਕ ਹੋਈ ਅਤੇ ਜਦੋਂ ਮੰਤਰੀਆਂ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਉਹ ਸਾਰੇ ਓਦੋਂ ਦੇ ਪ੍ਰਧਾਨ ਮੰਤਰੀ ਪੀ ਵੀ ਨਰਸਿੰਮ੍ਹਾ ਰਾਓ ਲਈ ਕਿਸ ਤਰ੍ਹਾਂ ਦਾ ਮਹਿਸੂਸ ਕਰਦੇ ਹਨ ਤਾਂ ਰਾਓ ਬੋਲੇ ਕਿ ਮੈਨੂੰ ਤੁਹਾਡੀ ਹਮਦਰਦੀ ਨਹੀਂ ਚਾਹੀਦੀ।

ਸਲਮਾਨ ਖੁਰਸ਼ੀਦ ਨੇ ਲਿਖਿਆ ਕਿ ਇਸ ਅਲੋਕਾਰ ਘਟਨਾ ਨੇ ਹੌਲੀ-ਹੌਲੀ ਇੱਕ ਤਰ੍ਹਾਂ ਸਭ ਨੂੰ ਸੁੰਨ ਕਰ ਦਿੱਤਾ। ਉਨ੍ਹਾਂ ਕਿਹਾ ਕਿ ਢਾਹੁਣਾ ਅੱਜ ਹੋਇਆ ਸੀ ਅਤੇ 7 ਦਸੰਬਰ ਦੀ ਸਵੇਰ ਮੰਤਰੀ ਮੰਡਲ ਦੇ ਮੈਂਬਰ ਪਾਰਲੀਮੈਂਟ ਭਵਨ ਦੇ ਗਰਾਊਂਡ-ਫਲੋਰ ਉੱਤੇ ਇੱਕ ਭੀੜਭਾੜ ਵਾਲੇ ਕਮਰੇ ਵਿੱਚ ਇਕੱਠੇ ਹੋਏ। ਸਾਰੇ ਉਦਾਸ ਸਨ ਅਤੇ ਸਭਾ ਵਿੱਚ ਸੰਨ-ਾਟਾ ਸੀ। ਖੁਰਸ਼ੀਦ ਨੇ ਕਿਹਾ ਕਿ ਜ਼ਾਹਿਰ ਹੈ, ਬਹੁਤੇ ਮੈਂਬਰਾਂ ਕੋਲ ਸ਼ਬਦ ਨਹੀਂ ਸਨ। ਮਾਧਵਰਾਓ ਸਿੰਧੀਆ ਨੇ ਚੁੱਪ ਤੋੜਦੇ ਹੋਏ ਦੱਸਿਆ ਕਿ ਉਹ ਸਾਰੇ ਪ੍ਰਧਾਨ ਮੰਤਰੀ ਨਰਸਿੰਮ੍ਹਾ ਰਾਓ ਲਈ ਕਿਸ ਤਰ੍ਹਾਂ ਮਹਿਸੂਸ ਕਰ ਰਹੇ ਹਨ। ਚਿੰਤਿਤ ਪ੍ਰਧਾਨ ਮੰਤਰੀ ਦੀ ਪ੍ਰਤੀਕਿਰਿਆ ਨੇ ਹੈਰਾਨਕਰ ਦਿੱਤਾ, ਉਨ੍ਹਾਂ ਨੇ ਜਵਾਬ ਦਿੱਤਾ, ਮੈਨੂੰ ਤੁਹਾਡੀ ਹਮਦਰਦੀ ਨਹੀਂ ਚਾਹੀਦੀ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਰਾਓ ਦੀ ਕਠੋਰ ਪ੍ਰਤੀਕਿਰਿਆ ਪਿੱਛੋਂ ਇਸ ਬਾਰੇ ਫਿਰ ਚਰਚਾ ਕਰਨ ਦਾ ਕੋਈ ਮੌਕਾ ਨਹੀਂ ਬਚਿਆ ਤੇ ਬੈਠਕ ਖਤਮ ਹੋ ਗਈ। ਸਾਬਕਾ ਵਿਦੇਸ਼ ਮੰਤਰੀ ਖੁਰਦੀਸ਼ ਕਹਿੰਦੇ ਹਨ ਕਿ ਕਲਿਆਣ ਸਿੰਘ ਦੀ ਉਤਰ ਪ੍ਰਦੇਸ਼ ਸਰਕਾਰ ਛੇ ਦਸੰਬਰ ਨੂੰ ਬਰਖਾਸਤ ਹੋ ਚੁੱਕੀ ਸੀ ਤੇ ਉਸ ਦੇ ਇੱਕ ਹਫ਼ਤੇ ਬਾਅਦ ਰਾਸ਼ਟਰਪਤੀ ਨੇ ਕੈਬਨਿਟ ਦੀ ਸਲਾਹ ਉੱਤੇ ਹਿਮਾਚਲ ਪ੍ਰਦੇਸ਼, ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿੱਚ ਭਾਜਪਾ ਸਰਕਾਰਾਂ ਨੂੰ ਬਰਖਾਸਤ ਕੀਤਾ ਸੀ।

# ਕਾਰ ਤਲਾਬ ਵਿੱਚ ਡਿੱਗਣ ਕਾਰਨ ਚਾਰ ਭਾਰਤੀਆਂ ਦੀ ਮੌਤ

ਕਾਠਮੰਡੂ, 15 ਨਵੰਬਰ (ਪੋਸਟ ਬਿਊਰੋ)- ਦੱਖਣੀ ਨੇਪਾਲ ਦੇ ਰੌਤਾਹਟ ਜ਼ਿਲ੍ਹੇ ਵਿੱਚ ਇੱਕ ਕਾਰ ਤਲਾਬ ਵਿੱਚ ਡਿੱਗਣ ਕਾਰਨ ਚਾਰ ਭਾਰਤੀਆਂ ਦੀ ਮੌਤ ਹੋ ਗਈ। ਪੁਲਸ ਨੇ ਦੱਸਿਆ ਕਿ ਉਕਤ ਜ਼ਿਲ੍ਹੇ ਵਿੱਚ ਇਹ ਹਾਦਸਾ ਨੇਪਾਲ ਦੀ ਭਾਰਤ ਨਾਲ ਲੱਗਦੀ ਹੱਦ ਨੇੜੇ ਵਾਪਰਿਆ। ਇਹ ਸ਼ੱਕ ਕੀਤਾ ਗਿਆ ਹੈ ਕਿ ਕਾਰ ਦਾ ਡਰਾਈਵਰ ਅਤੇ ਉਸ ਵਿੱਚ ਸਵਾਰ ਬਾਕੀ ਲੋਕ ਸ਼ਰਾਬ ਦੇ ਨਸ਼ੇ ਵਿੱਚ ਸਨ। ਮ੍ਰਿਤਕਾਂ ਦੀ ਪਛਾਣ ਦੀਨਾਨਾਥ ਸ਼ਾਹ (25), ਅਰੁਣ ਸ਼ਾਹ (30), ਦਿਲੀਪ ਮਾਹਤੋ (28) ਅਤੇ ਅਮਿਤ ਮਾਹਤੋ (27) ਸਾਰੇ ਵਾਸੀ ਬਿਹਾਰ ਵਜੋਂ ਹੋਈ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਸ਼ਨੀਵਾਰ ਰਾਤ ਨੂੰ ਝੁਨਖੁਣਵਾ ਪਿੰਡ ਵਿੱਚ ਗੌੜ-ਚੰਦਰਪੁਰ ਰੋਡ ਸੈਕਸ਼ਨ ਉੱਤੇ ਕਾਰ ਡਰਾਈਵਰ ਦੇ ਕਾਬੂ ਤੋਂ ਬਾਹਰ ਹੋ ਕੇ ਤਲਾਬ ਵਿੱਚ ਜਾ ਡਿੱਗੀ। ਉਨ੍ਹਾਂ ਦੱਸਿਆ ਕਿ ਕਾਰ ਉੱਤੇ ਭਾਰਤੀ ਨੰਬਰ ਪਲੇਟ ਲੱਗੀ ਹੋਈ ਸੀ ਤੇ ਮ੍ਰਿਤਕਾਂ ਦੀ ਪਛਾਣ ਉਨ੍ਹਾਂ ਤੋਂ ਮਿਲੇ ਕਾਰਡਾਂ ਤੋਂ ਹੋਈ ਹੈ। ਅਧਿਕਾਰੀਆਂ ਮੁਤਾਬਕ ਸੁਰੱਖਿਆ ਜਵਾਨਾਂ ਨੇ ਪੀੜਤਾਂ ਨੂੰ ਕਾਰ ਦੇ ਸ਼ੀਸ਼ੇ ਤੋੜ ਕੇ ਬਾਹਰ ਕੱਢਿਆ ਅਤੇ ਹਸਪਤਾਲ ਪਹੁੰਚਾਇਆ, ਜਿੱਥੇ ਉਨ੍ਹਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਰੌਤਾਹਟ ਪੁਲਸ ਨੇ ਮ੍ਰਿਤਕਾਂ ਦੇ ਪਰਵਾਰਾਂ ਨਾਲ ਸੰਪਰਕ ਦੇ ਲਈ ਭਾਰਤੀ ਪੁਲਸ ਨੂੰ ਮ੍ਰਿਤਕਾਂ ਦੀਆਂ ਫੋਟੋ ਭੇਜੀਆਂ ਤਾਂ ਰੌਤਾਹਟ ਪਹੁੰਚ ਕੇ ਵਾਰਸਾਂ ਨੇ ਮ੍ਰਿਤਕਾਂ ਦੀਆਂ ਪਛਾਣ ਕੀਤੀ। ਪੁਲਸ ਨੇ ਦੱਸਿਆ ਕਿ ਮ੍ਰਿਤਕ ਲੋਕ ਰੌਤਾਹਟ ਜ਼ਿਲ੍ਹੇ ਦੇ ਦੇਵਾਨੀ ਗੋਨਾਹੀ ਵਿੱਚ ਆਪਣੇ ਰਿਸ਼ਤੇਦਾਰਾਂ ਕੋਲ ਛੱਠ ਪੂਜਾ ਦਾ ਤਿਉਹਾਰ ਮਨਾਉਣ ਪਿੱਛੋਂ ਘਰ ਵਾਪਸ ਜਾ ਰਹੇ ਸਨ। ਪੁਲਸ ਵੱਲੋਂ ਕਾਰ ਪਾਣੀ ਵਿੱਚੋਂ ਬਾਹਰ ਕੱਢ ਲਈ ਗਈ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।



## ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

**ਅਵਤਾਰ ਸਿੰਘ ਟਿਵਾਣਾ**

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777 416.802.5866

31 Melanie Dr. Unit #4 Brampton, ON L6T 5H8

SOLD $1,399,999 CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

FOR SALE $1,749,900 8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

FOR SALE $1,950,000 26 Yellow RomeRd

ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿੱਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

jobs! jobs! jobs! jobs! jobs!

DUNDAS·JAFINE

# HELP WANTED
## ਕਾਮਿਆਂ ਦੀ ਲੋੜ
### ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department

## ਤੰਦੂਰੀ ਸ਼ੈੱਫ ਦੀ ਲੋੜ

"ਫਿਊਜ਼ਨ ਬੂਥ", 1900 ਆਕਸਫੋਰਡ ਸਟਰੀਟ, ਲੰਡਨ, ਓਨਟਾਰੀਓ ਵਿਖੇ ਫੁਲ ਟਾਈਮ ਲਈ ਤੰਦੂਰੀ ਸ਼ੈੱਫ ਦੀ ਲੋੜ ਹੈ, ਜੋ ਭਾਰਤੀ ਸਟਾਇਲ ਦੇ ਓਵਨ 'ਚ ਬਰੈਡ ਅਤੇ ਮੀਟ ਤਿਆਰ ਕਰਨ ਦੇ ਯੋਗ ਹੋਵੇ। ਘੱਟ ਤੋਂ ਘੱਟ 6 ਮਹੀਨੇ ਦਾ ਤਜਰਬਾ ਹੋਣਾ ਲਾਜ਼ਮੀ ਹੈ, 1 ਸਾਲ ਦੇ ਤਜਰਬੇ ਵਾਲੇ ਨੂੰ ਪਹਿਲ ਦਿੱਤੀ ਜਾਵੇਗੀ। ਤਨਖਾਹ ਤਜ਼ਰਬੇ ਦੇ ਹਿਸਾਬ ਨਾਲ ਹੋਵੇਗੀ।

**ਸੰਪਰਕ: 647-638-6347**

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

# Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਟਾਂਕ ਕਸ਼ੱਤਰੀ ਲੜਕਾਂ, ਉਮਰ 25 ਸਾਲ, ਕੈਨੇਡਾ ਪੀ.ਆਰ., ਕੱਦ 5.8 ਇੰਚ, ਲਈ ਡਿਗਰੀ ਕਰਨ ਆਈ ਕੈਨੇਡਾ ਵਿੱਚ ਕੱਚੇ ਜਾ ਪੱਕੇ ਤੌਰ 'ਤੇ ਰਹਿ ਰਹੀ ਲੜਕੀ ਦੀ ਲੌੜ। +1-204-557-6726 (ਕੈਨੇਡਾ) +91-99142-07712 Email: hrpreet.ca@gmail.com

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ। ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Ravidasia/Ramdasia Sikh, Age: 27, Height: 5"11, Canadian Citizen. Currently a Government Employee. Is in Canada from 21 Years. From Ludhiana, Looking for suitable Girl. Please Contact: 905-996-0127 or 416-728-9390

## ਲੜਕੀ ਦੀ ਲੋੜ

Jatt Sikh boy truck driver, 5'11, born in 1992. Clean shave , vegetarian, Permanent Resident, 1.5 acres property in India. 2 residential properties in Brampton. Living in Brampton, well settled. Looking for a suitable match. Only serious inquiries. Contact-+1-416-991-9192; Email - mdeol84@yahoo.com

ਜੱਟ ਸਿਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਫਾਰਮ ਵਰਕਰ ਦੀ ਲੋੜ

ਨਰਸਰੀ ਅਤੇ ਫਾਰਮਾਂ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
**ਮੋਬਾਇਲ: ਪਰਮਿੰਦਰ ਗਰੇਵਾਲ 647-391-1000**
**ਬਲਵੀਰ ਸਰਪੰਚ 289-541-5384**

## ਲੇਡੀਜ਼ ਵਰਕਰ ਦੀ ਲੋੜ

ਵਸਾਗਾ ਬੀਚ ਦੇ ਏਰੀਆ ਵਿਚ ਘਰ ਅਤੇ ਮੋਟਲ ਵਿਚ ਕਲੀਨਿੰਗ ਦਾ ਅਤੇ ਹੋਰ ਛੋਟੇ ਮੋਟੇ ਕੰਮ ਕਰਨ ਲਈ ਲੇਡੀਜ਼ ਵਰਕਰ ਦੀ ਲੋੜ ਹੈ। ਰਹਿਣ ਸਹਿਣ ਅਤੇ ਖਾਣ ਪੀਣ ਦੀ ਸਹੂਲਤ ਉਥੇ ਹੀ ਦਿੱਤੀ ਜਾਵੇਗੀ। ਤਨਖਾਹ ਬਾਰੇ ਅਤੇ ਹੋਰ ਜਾਣਕਾਰੀ ਲੈਣ ਲਈ ਕਾਲ ਕਰੋ :
**705-443-2556**

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

Check our Free E-paper at:
www.canadianpunjabipost.ca
905-793-2202
ਪੰਜਾਬੀ ਪੋਸਟ

WWW.KULWINDERCHHINA.COM
KULWINDER CHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜ਼ਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Check our Free E-paper at:
www.canadianpunjabipost.ca
905-793-2202
ਪੰਜਾਬੀ ਪੋਸਟ

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

# ਕੀ ਤੁਸੀਂ ਕਰਜ਼ੇ ਵਿੱਚ ਹੋ?



ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?

BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

- -Collection Calls
- -Personal Taxes
- -GST/HST
- -Credit Card Debts
- -Personal Loans
- -Pay Day Loans
- -Student Loans
- -Wage Garnishment
- -Writ on your property
- -Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
- -Save your Assets
- -Avoid Bankruptcy
- -Small monthly payments
- -Rebuild your credit

YOUR DEBT $ MY SOLUTION





Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

# JAG AUJLA
REAL ESTATE BROKER
416-371-7777
j.aujla@rogers.com www.jagaujla.com
RE/MAX Realty Specialist Inc., Brokerage Off: 905-456-3232
www.BramptonTopRelator.com

Call For a Quick & Free Home Evaluation
www.BramptonQuickHomeEvaluation.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

**CALEDON**



BRAND NEW HOUSE FOR SALE ON ASSIGNMENT ( IN CALEDON)

ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਉਨਟਰ ਟਾਪ। ਮੇਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

**BRAMPTON**

$1,999,905 ਕੈਸਲਮੋਰ/ਗੋਰਵੇ

ਕੈਸਲਮੋਰ/ਗੋਰਵੇ ਦੇ ਏਰੀਆ ਵਿਚ 4551 ਸਕੇਅਰ ਫੁੱਟ, 60 ਫੁਟ ਦੀ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 5 ਬੈਡਰੂਮ, 5 ਵਾਸ਼ਰੂਮ, ਇਕ ਆਫਿਸ,ਅਪਗ੍ਰੇਡਡ ਕਿਚਨ ਵਿਦ ਕਾਊਂਟਰ ਟਾਪ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ ਹੈ। 9 ਫੁੱਟ ਦੀ ਸੀਲਿੰਗ, ਮੇਨ ਫਲੋਰ ਉਤੇ ਹਾਰਡਵੁੱਡ, ਸਟੇਨਡ ਓਕ ਸਟੇਅਰਕੇਸ, ਡਬਲ ਡੋਰ ਐਂਟਰੀ। ਦੂਸਰੀ ਮੰਜ਼ਲ ਉਤੇ ਲਾਊਂਡਰੀ। ਘਰ ਦੇ ਅੱਗੇ ਕੋਈ ਸਾਈਡ ਵਾਕ ਨਹੀਂ ਅਤੇ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ।

**BRAMPTON**

Sold, $1,280,000

$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

**BRAMPTON**



Sold, $ 835,000

$749,905

William /Vodden /Main

3 ਬੈਡਰੂਮ, 2 ਵਾਸ਼ਰੂਮ ਦਾ ਬਹੁਤ ਸੋਹਣਾ ਘਰ, ਜਿਸ ਵਿਚ 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, ਪਿਛਲੇ ਸਾਲ ਹੀ ਸਾਰਾ ਘਰ ਅਪਗ੍ਰੇਡ ਕੀਤਾ ਗਿਆ ਹੈ। ਸਕੂਲ, ਪਲਾਜ਼ਾ ਅਤੇ ਬੱਸ ਸਟਾਪ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਹੈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨੇੜੇ।

**BRAMPTON**

Sold, $ 1,130,000

34 Winterfold Dr

CREDITVIEW & BOVAIRD (MOUNT PLEASANT)

ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।

Sold, $ 2.3 M

Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777



ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!




VEGETARIAN FOOD
HEALTHY EATING

FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017